ੴ ਸਤਿਗੁਰ ਪ੍ਰਸਾਦਿ

# ਸਾਕਾ ਸਰਹਿੰਦ-ਖੋਜਮਈ ਇਤਿਹਾਸਕ ਅਧਿਐਨ

ਡਾ. ਗੰਡਾ ਸਿੰਘ ਮੈਮੋਰੀਅਲ ਟਰੱਸਟ ਵੱਲੋਂ

ਕਰਵਾਈ ਗਈ ਲੇਖ ਪ੍ਰਤਿਯੋਗਤਾ

2003-2004

ਵਿਚ ਤੀਸਰਾ ਸਥਾਨ ਪ੍ਰਾਪਤ ਲੇਖ

(ਡਾ.) ਹਰਚੰਦ ਸਿੰਘ 'ਸਰਹਿੰਦੀ'

# 223, ਵਾਰਡ ਨੰ : 9

ਸਾਹਮਣੇ ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ

ਸਰਹਿੰਦ-140 406

2005

ਗੁਰੂ ਨਾਨਕ ਦੇਵ ਮਿਸ਼ਨ ਲੜੀ 528

ਗੁਰੂ ਨਾਨਕ ਦੇਵ ਮਿਸ਼ਨ

ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ,

1-ਢਿੱਲੋਂ ਮਾਰਗ, ਪਟਿਆਲਾ

ਭੇਟਾ : 12/-

# ਗੁਰੂ ਨਾਨਕ ਦੇਵ ਮਿਸ਼ਨ ਦੇ ਅਹੁਦੇਦਾਰ

**ਪ੍ਰਧਾਨ**
ਡਾ. ਭਗਤ ਸਿੰਘ
ਸਾਬਕਾ ਵਾਈਸ ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਫੋਨ : (0175) 2212072

**ਸਕੱਤਰ**
ਡਾ. ਐਸ. ਐਸ. ਨੰਦਾ
ਪੀ. ਈ. ਐਸ.-1 (ਸੇਵਾ ਮੁਕਤ)
ਫੋਨ : (0175) 2215704, 2219475

**ਸਲਾਹਕਾਰ**
ਡਾ. ਗੁਰਚਰਨ ਸਿੰਘ
ਪ੍ਰੋਫੈਸਰ ਆਫ਼ ਪੰਜਾਬੀ (ਸੇਵਾ ਮੁਕਤ)
ਸਾਬਕਾ ਫੈਲੋ,
ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਫੋਨ : (0175) 221473

ਡਾ. ਬ੍ਰਿਜਪਾਲ ਸਿੰਘ
ਸਾਬਕਾ ਪ੍ਰੋਫੈਸਰ ਆਫ਼ ਐਕਨਾਮਿਕਸ
ਲਾਲ ਬਹਾਦਰ ਸ਼ਾਸਤਰੀ ਨੈਸ਼ਨਲ ਅਕਾਡਮੀ
ਆਫ਼ ਐਡਮਿਨਸਟ੍ਰੇਸ਼ਨ, ਮਸੂਰੀ
ਫੋਨ : (0175) 2216738

ਜਥੇਦਾਰ ਹਰਬੰਸ ਸਿੰਘ ਮਾਨ, ਜੋੜਾ ਮਾਜਰਾ
ਸਾਬਕਾ ਐਮ. ਡੀ.
ਸੈਂਟਰਲ ਕੋਓਪਰੇਟਿਵ ਬੈਂਕ, ਪਟਿਆਲਾ
ਫੋਨ : (0175) 2216738

**ਇੰਚਾਰਜ ਪ੍ਰਕਾਸ਼ਨ**
ਕਰਨਲ (ਰਿ.) ਦੇਵਿੰਦਰ ਸਿੰਘ
ਫੋਨ : (0175) 2210809
ਮੋਬ.: 098156-08494

**ਚੰਦਿਆਂ ਦੀ ਦਰ**

**ਭਾਰਤ**
ਵਾਰਸ਼ਿਕ......................50.00
ਜੀਵਨ-ਪ੍ਰਯੰਤ..............500.00

**ਵਿਦੇਸ਼**
ਜੀਵਨ-ਪ੍ਰਯੰਤ............1500.00

ਗੁਰੂ ਨਾਨਕ ਦੇਵ ਮਿਸ਼ਨ ਦੇ ਮੈਂਬਰਾਂ ਨੂੰ ਮਿਸ਼ਨ ਵੱਲੋ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਪੁਸਤਕਾਵਾਂ। (Tracts) ਮੁਫ਼ਤ ਭੇਜੀਆਂ ਜਾਂਦੀਆਂ ਹਨ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਗੁਰਸਿੱਖ ਪਾਠਕ ਮਿਸ਼ਨ ਦੀ ਮਾਲੀ ਹਾਲਤ ਨੂੰ ਦ੍ਰਿੜ ਬਣਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਜ਼ਰੂਰ ਪਾਉਣਗੇ। ਗੁਰੂ ਨਾਨਕ ਦੇਵ ਮਿਸ਼ਨ ਨੂੰ ਮਾਲੀ ਸਹਾਇਤਾ ਪਟਿਆਲਾ ਸਥਿਤ ਕਿਸੇ ਵੀ ਬੈਂਕ ਦੇ ਚੈਕ ਜਾਂ ਡਰਾਫਟ ਜਾਂ ਮਨੀਆਰਡਰ, ਰਾਹੀ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਦੇ ਨਾਮ ਤੇ ਭੇਜੀ ਜਾ ਸਕਦੀ ਹੈ।

ਡਾ. ਐਸ. ਐਸ. ਨੰਦਾ
ਸਕੱਤਰ
ਗੁਰੂ ਨਾਨਕ ਦੇਵ ਮਿਸ਼ਨ,
ਅਕਾਡਮੀ ਆਫ਼ ਰਿਲੀਜਨ ਐਂਡ ਕਲਚਰ,
1, ਢਿਲੋਂ ਮਾਰਗ, ਪਟਿਆਲਾ ।
ਫੋਨ : 2215704
98159-54074

# ਸਾਕਾ ਸਰਹਿੰਦ - ਖੋਜਮਈ ਇਤਿਹਾਸਕ ਅਧਿਐਨ

**ਡਾ. ਹਰਚੰਦ ਸਿੰਘ 'ਸਰਹਿੰਦੀ'**

ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ ਹੈ ਜਾਂ ਇਸ ਕੌਮ ਦਾ ਅਧਿਐਨ ਗੰਭੀਰਤਾ ਨਾਲ ਕੀਤਾ ਹੈ, ਉਹ ਇਸ ਤੱਥ ਤੋਂ ਬਾਖ਼ੂਬੀ ਵਾਕਫ਼ ਹੋਵੇਗਾ ਕਿ ਪਿਛਲੇ 300 ਸਾਲਾਂ ਦੌਰਾਨ ਜੋ ਤਸੀਹੇ ਤੇ ਤਬਾਹੀ ਦੇ ਤੂਫ਼ਾਨ ਸਿੱਖਾਂ ਨੇ ਆਪਣੇ ਸਰੀਰ ਅਤੇ ਮਾਨਸਿਕਤਾ ਤੇ ਹੰਢਾਏ ਹਨ, ਉਹ ਆਪਣੀ ਮਿਸਾਲ ਆਪ ਹਨ। ਬੇਸ਼ੱਕ ਦੁਨੀਆਂ ਦੀਆਂ ਬਹੁਤ ਸਾਰੀਆਂ ਕੌਮਾਂ ਦੇ ਸੰਘਰਸ਼ਾਂ ਦਾ ਆਪੋ-ਆਪਣਾ ਦਲੇਰੀ ਤੇ ਅਦਭੁਤ ਮਿਸਾਲਾਂ ਨਾਲ ਭਰਿਆ ਇਤਿਹਾਸ ਹੈ, ਪਰ ਸਿੱਖ ਕੌਮ ਦਾ ਇਤਿਹਾਸ ਸਭ ਤੋਂ ਵਿਲੱਖਣ ਹੈ। ਹੋਰ ਗੱਲਾਂ ਤੋਂ ਇਲਾਵਾ ਇੱਕ ਵਿਲੱਖਣਤਾ ਇਹ ਹੈ ਕਿ ਤਬਾਹੀ ਮਚਾਉਂਦੇ ***'ਝੱਖੜਾਂ ਤੇ ਤੂਫ਼ਾਨਾਂ'*** ਦੇ ਲੰਘ ਜਾਣ ਤੋਂ ਬਾਅਦ ਸਿੱਖ ਜਲਦੀ ਹੀ ਆਪਣੇ-ਆਪ ਨੂੰ ਮੁੜ ਜਥੇਬੰਦ ਕਰ ਲੈਂਦੇ ਹਨ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ ਅਤੇ ਫਿਰ ਕਿਸੇ ਹੋਰ ਤੂਫ਼ਾਨ ਨੂੰ 'ਹਵਾਵਾਂ ਹੱਥ ਸੁਨੇਹੇ' ਭੇਜਣ ਲਗਦੇ ਹਨ। ਬਕੌਲ ਸ਼ਾਇਰ :

***ਲੋ ਹਮ ਨੇ ਬਨਾ ਲੀਆ ਹੈ ਨਯਾ ਫ਼ਿਰ ਸੇ ਆਸ਼ਿਆਂ !***
***ਯਹ ਬਾਤ ਜਾ ਕੇ ਫ਼ਿਰ ਕਿਸੀ ਤੂਫ਼ਾਨ ਸੇ ਕਹੋ !!***

ਇਤਫ਼ਾਕ ਵੱਸ, ਤਬਾਹੀ ਮਚਾਉਂਦੇ ***'ਝੱਖੜਾਂ ਤੇ ਤੂਫ਼ਾਨਾਂ'*** ਦੇ ਲੰਘ ਜਾਣ ਤੋਂ ਬਾਅਦ ਸਿੱਖਾਂ ਵੱਲੋਂ ਜਲਦੀ ਹੀ ਆਪਣੇ-ਆਪ ਨੂੰ ਮੁੜ ਜਥੇਬੰਦ ਕਰ ਲੈਣ ਦੀ ਇਕ ਚੋਣਵੀਂ ਮਿਸਾਲ ਪੇਸ਼ ਹੈ : ਵੱਡੇ ਘੱਲੂਘਾਰੇ ਵਰਗੇ ਕਹਿਰੀ ਤੂਫ਼ਾਨ ਦੇ ਲੰਘ ਜਾਣ ਤੋਂ ਬਾਅਦ ਸਿੱਖਾਂ ਨੇ ਅਗਲੇ ਹੀ ਵਰ੍ਹੇ ਸੰਨ 1763 ਈ. ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਰਹਿੰਦ 'ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਵੱਡੇ ਘੱਲੂਘਾਰੇ ਵੇਲੇ ਅਹਿਮਦ ਸ਼ਾਹ ਅਬਦਾਲੀ ਦਾ ਸਾਥ ਦੇਣ ਵਾਲੇ ਜ਼ੈਨ ਖ਼ਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਦਰਅਸਲ, ਸਿੱਖ ਕੌਮ ਉਸ ਫ਼ੌਲਾਦ ਦੀ ਉਪਜ ਹੈ ਜਿਸ ਨੂੰ ਸੈਂਕੜੇ ਵਰ੍ਹੇ ਕੁਠਾਲੀ ਵਿੱਚ ਪਾ ਕੇ ਅਤੇ ਮਘਦੀ ਭੱਠੀ ਵਿੱਚ ਰੱਖ ਕੇ ਤਿਆਰ ਕਰਣ ਉਪ੍ਰੰਤ ਸਮੇਂ-ਸਮੇਂ ਇਸ ਦੀ ਸ਼ਕਤੀ ਤੇ ਸ਼ੁੱਧਤਾ ਨੂੰ ਪਰਖਿਆ ਜਾਂਦਾ ਰਿਹਾ ਹੈ। ਦੂਜੇ ਸ਼ਬਦਾਂ ਵਿੱਚ, ਤੱਤੀਆਂ ਤਵੀਆਂ ਨੇ, ਉੱਬਲਦੀਆਂ ਦੇਗਾਂ ਨੇ, ਆਰੇ ਦੇ ਦੰਦਿਆਂ ਨੇ, ਚਰਖੜੀਆਂ ਦੀ ਘੂਕਰ ਨੇ, ਰੰਬੀਆਂ ਦੀਆਂ ਧਾਰਾਂ ਨੇ, ਸਰਹਿੰਦ ਦੀਆਂ ਦੀਵਾਰਾਂ ਨੇ, ਚਮਕੌਰ ਵਰਗੀਆਂ ਬੇਜੋੜ ਜੰਗਾਂ ਨੇ, ਭਖ਼ਦੇ ਹੋਏ ਲਾਲ ਗਰਮ ਜੰਬੂਰਾਂ ਨੇ ਅਤੇ ਸਮੇਂ-ਸਮੇਂ ਸਿਰ ਧਾਰਮਿਕ ਕੱਟੜਵਾਦੀਆਂ ਵੱਲੋਂ ਖੇਡੀ ਖ਼ੂਨ ਦੀ ਹੋਲੀ ਨੇ ਸਿੱਖਾਂ ਵਿੱਚ ਸ੍ਵੈਮਾਨਤਾ, ਸ੍ਵਾਧੀਨਤਾ, ਬੀਰ ਰਸ, ਚੜ੍ਹਦੀ ਕਲਾ ਅਤੇ ਸੱਚ ਤੇ ਹੱਕ ਦਾ ਜਜ਼ਬਾ

ਪੈਦਾ ਕੀਤਾ ਅਤੇ ਉਨ੍ਹਾਂ ਵਿੱਚ ਨਵੀਂ ਚੇਤਨਾ ਭਰ ਕੇ ਨਵਜੀਵਨ ਬਖ਼ਸ਼ਿਆ; ਸਹੀ ਜੀਵਨ-ਜਾਚ ਦੱਸੀ ਅਤੇ ਅਣਖ ਨਾਲ ਜਿਊਣਾ ਤੇ ਮਰਨਾ ਸਿਖਾਇਆ। ਸਰ ਗੋਕਲ ਚੰਦ ਨਾਰੰਗ ਅਨੁਸਾਰ- **"ਸਿੱਖੀ ਦੇ ਅਸੂਲਾਂ ਅਤੇ ਸ਼ਹਾਦਤ ਦੀਆਂ ਘਟਨਾਵਾਂ ਨੇ ਭਾਰਤੀ ਕੌਮ ਰੂਪੀ ਕੱਚੇ ਲੋਹੇ ਨੂੰ ਫ਼ੌਲਾਦ ਵਿੱਚ ਬਦਲ ਕੇ ਬੇਹੱਦ ਸ਼ਕਤੀਸ਼ਾਲੀ ਬਣਾ ਦਿੱਤਾ। ਮੁਰਦਾ ਕੌਮ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ।"** ਇਹੋ ਕਾਰਨ ਹੈ ਕਿ ਸਿੱਖ ਕੌਮ ਕੋਲ ਵੱਡੀ ਤੋਂ ਵੱਡੀ ਮੁਸੀਬਤ ਨਾਲ ਆਢਾ ਲੈਣ ਦਾ ਸਾਹਸ ਹੈ। ਸੱਚ ਤਾਂ ਇਹ ਹੈ ਕਿ **"ਸਿੱਖ, ਸ਼ੇਰ ਦੀ ਗਾਰ ਵਿੱਚ ਜਾ ਕੇ ਉਸ ਨੂੰ ਲਲਕਾਰਨ ਦੀ ਸ਼ਕਤੀ ਤੇ ਹਿੰਮਤ ਰੱਖਦੇ ਹਨ।"** -ਕਨਿੰਘਮ

ਤਸੀਹੇ ਤੇ ਤਬਾਹੀ ਦੇ ਤੂਫ਼ਾਨਾਂ ਵਿੱਚੋਂ ਗੁਜ਼ਰਦਿਆਂ, ਸਿੱਖ ਦਰਿਆ ਵਾਂਗੂੰ ਆਪਣਾ ਰਸਤਾ ਆਪ ਬਣਾਉਣਾ ਜਾਣਦੇ ਹਨ। ਸਿੱਖਾਂ ਨੂੰ ਆਪਣਾ ਰਸਤਾ ਆਪ ਬਣਾਉਣ ਦੀ ਜਾਚ, ਸਭ ਤੋਂ ਪਹਿਲਾਂ ਸਾਕਾ ਸਰਹਿੰਦ ਨੇ ਸਿਖਾਈ ਹੈ। ਸੱਚ ਤਾਂ ਇਹ ਹੈ ਕਿ ਸਾਕਾ ਸਰਹਿੰਦ ਦੀ ਕੁੱਖ ਵਿੱਚੋਂ ਇੱਕ ਉੱਦਮੀ, ਉਤਸ਼ਾਹੀ, ਸਿਦਕੀ ਤੇ ਆਤਮ-ਵਿਸ਼ਵਾਸੀ ਕੌਮ ਦਾ ਜਨਮ ਹੋਇਆ। ਸਾਕਾ ਸਰਹਿੰਦ ਤੋਂ ਬਾਅਦ (ਅਠਾਰ੍ਹਵੀਂ ਸਦੀ ਵਿੱਚ) ਮੁਗ਼ਲਾਂ ਨੇ ਸਿੱਖੀ ਦੇ ਬੂਟੇ ਦੀ ਬੜੀ ਬੇਰਹਿਮੀ ਨਾਲ ਛਂਗਾਈ ਕੀਤੀ। ਇਤਿਹਾਸ ਗਵਾਹ ਹੈ ਕਿ ਇਹ ਛਂਗਾਈ, ਇਸ ਬੂਟੇ ਨੂੰ ਬਹੁਤ ਰਾਸ ਆਈ। ਇਸ ਦੀਆਂ ਲਗਰਾਂ ਖ਼ੂਬ ਫੁੱਟੀਆਂ ਅਤੇ ਇਹ ਪੌਦਾ ਦੂਣ-ਸਵਾਇਆ ਫ਼ਲਿਆ- **"ਮੰਨੂ ਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ, ਜਿਉਂ-ਜਿਉਂ ਸਾਨੂੰ ਵੱਢਦਾ ਅਸੀਂ ਦੂਣ-ਸਵਾਏ ਹੋਏ।"** ਸੱਚਮੁੱਚ ਹੀ, ਇਸ ਛਂਗਾਈ ਨੇ ਸਿੱਖੀ ਦੇ ਬੂਟੇ ਦਾ ਮੂੰਹ-ਮੁਹਾਂਦਰਾ ਸਿਰਜਿਆ। ਇਹ ਸਾਕਾ ਸਰਹਿੰਦ ਦੀ ਹੀ ਦੇਣ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ 'ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨੇਰੀਆਂ ਦੇ ਝਾਂਜੇ ਵੱਗੇ, ਕਹਿਰ ਵਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਖ਼ੂਨ ਦੀ ਹੋਲੀ ਖੇਡੀ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਸਰੀਰ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ। ਗੱਲ ਕੀ, ਸਿੱਖਾਂ ਨੇ ਹਰ ਹਾਲ ਆਪਣੀ ਹਸਤੀ ਨੂੰ ਬਰਕਰਾਰ ਰੱਖਿਆ। ਇਸ ਇਤਿਹਾਸਕ ਸੱਚਾਈ ਨੂੰ ਬਿਆਨ ਕਰਨ ਲਈ ਡਾ. ਇਕਬਾਲ ਦਾ ਨਿਮਨ ਦਰਜ ਸ਼ਿਅਰ ਖ਼ੂਬ ਰਹੇਗਾ :

*ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,*
*ਸਦੀਓਂ ਰਹਾ ਹੈ ਦੁਸ਼ਮਨ ਦੌਰੇ ਜ਼ਮਾਂ ਹਮਾਰਾ।*

ਇਸ ਤਰ੍ਹਾਂ ਪਿਛਲੇ ਤਿੰਨ ਸੌ ਸਾਲਾਂ ਦਾ ਸਿੱਖ ਇਤਿਹਾਸ ਲਹੂ ਨਾਲ ਲਥਪਥ ਹੈ। ਇਸ ਅਰਸੇ ਦੌਰਾਨ ਜਿਹੜੇ ਕਹਿਰ ਸਿੱਖਾਂ ਉੱਪਰ ਢਾਹੇ ਗਏ ਹਨ, ਉਨ੍ਹਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਘਟਨਾ (ਸਾਕਾ ਸਰਹਿੰਦ) ਦਾ ਉੱਭਰਵਾਂ ਸਥਾਨ ਹੈ। ਉਂਝ ਵੀ ਇਹ ਘਟਨਾ ਵਿਸ਼ੇਸ਼

ਇਤਿਹਾਸਕ ਮਹੱਤਵ ਰੱਖਦੀ ਹੈ- ਇਸ ਘਟਨਾ ਨੇ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ। ਦੂਜਾ; ਸਾਕਾ ਸਰਹਿੰਦ ਦੇ ਨਾਲ ਹੀ ਸਿੱਖ ਇਤਿਹਾਸ ਵਿਚ ਸੰਘਰਸ਼ ਦਾ ਦੌਰ ਸ਼ੁਰੂ ਹੁੰਦਾ ਹੈ ਜਦੋਂ ਮੁਗਲਾਂ ਨੇ ਸਿੱਖਾਂ 'ਤੇ ਜੀਅ ਭਰ ਕੇ ਜ਼ੁਲਮ ਢਾਹੇ।

ਸਿੱਖ ਜਗਤ ਨੇ ਸਾਕਾ ਸਰਹਿੰਦ ਨੂੰ ਬਹੁਤ ਗੰਭੀਰਤਾ ਨਾਲ ਲਿਆ ਅਤੇ ਇਹ ਘਟਨਾ ਸਿੱਖ ਮਨਾਂ 'ਤੇ ਡੂੰਘੀ ਉੱਕਰੀ ਗਈ, ਕਿਉਂਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਕਈ ਪੱਖਾਂ ਤੋਂ ਵਿਲੱਖਣ ਤੇ ਲਾਜਵਾਬ ਸੀ। ਇਹੋ ਕਾਰਨ ਹੈ ਕਿ ਸਰਹਿੰਦ ਦਾ ਨਾਂ ਸੁਣਦਿਆਂ ਹੀ ਪੰਜਾਬ ਦੇ ਇਤਿਹਾਸ ਦਾ ਇਕ ਲਹੂ-ਭਿੱਜਿਆ ਕਾਂਡ ਉੱਭਰ ਆਉਂਦਾ ਹੈ। ਸਰਹਿੰਦ ਦੀ *'ਖ਼ੂਨੀ ਦੀਵਾਰ'* ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਫਿਰ ਇਸ ਦੁਖਾਂਤ ਤੋਂ ਉਪਜਿਆ ਦਰਦ, ਜੋ ਹਰ ਪੰਜਾਬੀ ਨੂੰ ਪੀੜ੍ਹੀ-ਦਰ-ਪੀੜ੍ਹੀ ਵਿਰਾਸਤ ਵਿੱਚ ਮਿਲਦਾ ਰਿਹਾ ਹੈ, ਇਕ ਲੰਮਾ ਹਉਕਾ ਬਣ ਕੇ ਹਿੱਕ ਨੂੰ ਚੀਰਦਾ ਬਾਹਰ ਨਿਕਲ ਜਾਂਦਾ ਹੈ। ਇਸ ਤੋਂ ਬਾਅਦ ਸਾਡੀ ਚੇਤਨਾ ਦੇ ਮੈਦਾਨ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਆ ਉਤਾਰਾ ਕਰਦਾ ਹੈ ਅਤੇ ਸਾਕਾ ਸਰਹਿੰਦ ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖ਼ਾਂ ਨੂੰ ਮੌਤ ਦੇ ਘਾਟ ਉਤਾਰ ਕੇ ਸਰਹਿੰਦ ਦੀ *'ਇੱਟ ਨਾਲ ਇੱਟ ਖੜਕਾ'* ਦਿੰਦਾ ਹੈ।

ਦਰਅਸਲ, ਕੁਝ ਘਟਨਾਵਾਂ ਅਜਿਹੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਦਾ ਦੁਖਾਂਤ ਸਮੁੱਚੀ ਕੌਮ ਦਾ ਦੁਖਾਂਤ ਹੋ ਨਿੱਬੜਦਾ ਹੈ ਅਤੇ ਉਸ ਦੁਖਾਂਤ ਨਾਲ ਹੋਏ ਜ਼ਖ਼ਮ ਹਮੇਸ਼ਾ ਰਿਸਦੇ ਰਹਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫ਼ਤਹਿ ਸਿੰਘ (7 ਸਾਲ) ਨੂੰ ਸਰਹਿੰਦ ਵਿਖੇ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰਨ ਦੀ ਘਟਨਾ ਵੀ ਇੱਕ ਅਜਿਹਾ ਹੀ ਦੁਖਾਂਤ ਹੈ, ਜਿਸ ਨੇ ਸਿੱਖ ਮਨਾਂ 'ਤੇ ਡੂੰਘਾ ਪੱਛ ਮਾਰਿਆ। ਇੱਕ ਵੇਰ ਤਾਂ ਸਮੁੱਚਾ ਸਿੱਖ ਜਗਤ ਝੰਜੋੜਿਆ ਗਿਆ। ਇਸ ਘਟਨਾ ਪ੍ਰਤੀ ਆਪਣਾ ਪ੍ਰਤੀਕਰਮ ਜ਼ਾਹਿਰ ਕਰਦਿਆਂ, ਦੌਲਤ ਰਾਏ ਆਪਣੀ ਪ੍ਰਸਿੱਧ ਪੁਸਤਕ, 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' ਦੇ ਪੰਨਾ 179 ਉੱਤੇ ਲਿਖਦਾ ਹੈ ਕਿ **"ਉਹ ਕਿਹੋ ਜਿਹਾ ਵਕਤ ਤੇ ਕਿਹਾ ਭਿਆਨਕ ਸਮਾਂ ਹੋਵੇਗਾ, ਜਿਸ ਦਾ ਹਾਲ ਸੁਣ ਕੇ ਅੱਜ ਵੀ ਤਬੀਅਤ ਬੇਚੈਨ ਹੋ ਜਾਂਦੀ ਹੈ, ਕਲੇਜਾ ਮੂੰਹ ਨੂੰ ਆਉਂਦਾ ਹੈ ਤੇ ਦਿਲ ਲਹੂ ਦੇ ਅੱਥਰੂ ਕੇਰਨ ਲੱਗ ਪੈਂਦਾ ਹੈ।"**

ਸਿੱਖ ਸੁਭਾਅ ਨੂੰ ਨੇੜਿਓਂ ਵੇਖਣ ਤੇ ਸਮਝਣ ਵਾਲਾ ਵਿਅਕਤੀ, ਇਸ ਘਟਨਾ ਕਾਰਣ ਸਿੱਖ ਮਨਾਂ 'ਤੇ ਉੱਕਰੇ ਗੂੜ੍ਹੇ ਜ਼ਖ਼ਮਾਂ ਦੀ ਚੀਸ ਨੂੰ ਅੱਜ ਵੀ ਮਹਿਸੂਸ ਕਰ ਸਕਦਾ ਹੈ। ਇਸੇ ਕਾਰਨ ਸਰਹਿੰਦ ਦੀ ਦਾਸਤਾਨ ਦਾ ਸਬਕ, ਹਰ ਸਿੱਖ ਅੰਤਰ-ਪ੍ਰੇਰਣਾ ਸਦਕਾ, ਆਪਣੇ ਬੱਚਿਆਂ ਨੂੰ ਛੋਟੀ ਉਮਰੇ ਹੀ ਦੇਣਾ ਸ਼ੁਰੂ ਕਰ ਦਿੰਦਾ ਹੈ। ਉੱਧਰ, ਸਿੱਖ ਬੱਚਾ ਵੀ ਹੋਸ਼ ਸੰਭਾਲਦੇ ਹੀ ਸਰਹਿੰਦ ਦਾ ਸਾਕਾ ਕੰਠ ਕਰ ਲੈਂਦਾ

ਹੈ। ਇਸ ਤਰਾਂ ਇਹ ਸੁਭਾਵਿਕ ਹੀ ਹੈ ਕਿ ਇਸ ਘਟਨਾ ਦੇ ਤਿੱਖੇ ਪ੍ਰਤੀਕਰਮ ਵਜੋਂ ਸਿੱਖਾਂ ਦੇ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਨਫ਼ਰਤ ਦੀ ਅੱਗ ਭੜਕ ਉੱਠੀ ਅਤੇ ਸਿੱਖਾਂ ਦੇ ਸੰਘਰਸ਼ ਨੇ ਇਕ ਕ੍ਰਾਂਤੀਕਾਰੀ ਲਹਿਰ ਅਤੇ ਜ਼ੁਲਮ ਵਿਰੁੱਧ ਉੱਠੇ ਇਨਕਲਾਬ ਦਾ ਰੂਪ ਧਾਰਨ ਕਰ ਲਿਆ। ਸਿੱਟੇ ਵਜੋਂ, ਪੰਜਾਬ ਅੰਦਰ ਅਸਥਿਰਤਾ ਅਤੇ ਰਾਜਸੀ ਉਥਲ-ਪੁਥਲ ਦਾ ਮਾਹੌਲ ਪੈਦਾ ਹੋ ਗਿਆ। ਦੂਜੇ ਸ਼ਬਦਾਂ ਵਿੱਚ, ਸ਼ਹਾਦਤ ਦੀ ਇਸ ਬੇ-ਨਜ਼ੀਰ ਘਟਨਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਕਰਨ ਲਈ ਠੋਸ ਆਧਾਰ ਸਿਰਜਿਆ। ਸੱਚ ਤਾਂ ਇਹ ਹੈ ਕਿ ਸਾਕਾ ਸਰਹਿੰਦ ਨੇ ਸਿੱਖ ਸੋਚ ਤੇ ਫ਼ਲਸਫ਼ੇ ਨੂੰ ਨਵੀਆਂ-ਨਕੋਰ ਸੇਧਾਂ ਦਿੱਤੀਆਂ। ਮਿਸਾਲ ਵਜੋਂ, ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਲਕਾਰ ਦੇ ਰੂਪ ਵਿੱਚ ਦਿੱਤਾ ਗਿਆ ਇਹ ਨਵਾਂ ਨਾਅਰਾ :

**ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ।**
**ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ।** (ਜ਼ਫ਼ਰਨਾਮਾ)

ਸਿੱਖ ਸੋਚ ਦਾ ਇੱਕ ਅਨਿੱਖੜਵਾਂ ਅੰਗ ਬਣ ਕੇ ਰਹਿ ਗਿਆ। ਉੱਕਤ ਸ਼ਿਅਰ ਦਾ ਭਾਵ ਹੈ ਕਿ ਜਦੋਂ ਕੋਈ ਕੰਮ ਸਾਰੇ ਹੀਲੇ, ਉਪਾਵਾਂ ਤੋਂ ਪਰੇ ਲੰਘ ਜਾਵੇ ਤਾਂ ਹੱਥ ਵਿੱਚ ਤਲਵਾਰ ਲੈਣਾ ਜਾਇਜ਼ ਹੈ। ਇਸ ਨਵੀਂ ਸੋਚ ਤੇ ਫ਼ਲਸਫ਼ੇ ਨੇ ਸਿੱਖਾਂ ਨੂੰ ਕ੍ਰਾਂਤੀਕਾਰੀ ਬਣਾ ਦਿੱਤਾ। ਸਿੱਖ ਸੁਭਾਅ ਵਿੱਚ ਆਏ ਇਸ ਪਰਿਵਰਤਨ ਨਾਲ ਸਿੱਖ ਧਰਮ ਵਿੱਚ ਇਕ ਚਮਤਕਾਰੀ ਗੁਣ ਦਾ ਵਾਧਾ ਹੋਇਆ, ਕਿਉਂਕਿ ਡਾ. ਰਾਧਾ ਕ੍ਰਿਸ਼ਨਨ ਅਨੁਸਾਰ "ਜਿਸ ਧਰਮ ਦਾ ਸੁਭਾਅ ਕ੍ਰਾਂਤੀਕਾਰੀ ਨਹੀਂ, ਉਹ ਸੱਚਾ ਧਰਮ ਨਹੀਂ।" ਇਤਿਹਾਸ ਗਵਾਹ ਹੈ ਕਿ ਸਾਕਾ ਸਰਹਿੰਦ ਨੇ ਬਾਬਾ ਬੰਦਾ ਸਿੰਘ ਬਹਾਦਰ ਵਰਗੇ ਅਨੇਕਾਂ ਇਨਕਲਾਬੀ ਨਾਇਕਾਂ ਨੂੰ ਜਨਮ ਦਿੱਤਾ ਹੈ। ਇਹ ਸਾਕਾ ਸਰਹਿੰਦ ਦੀ ਹੀ ਦੇਣ ਹੈ ਕਿ ਸਿੱਖ ਕੌਮ ਕੋਲ ਵੱਡੀ ਤੋਂ ਵੱਡੀ ਆਫ਼ਤ ਦੇ ਟਾਕਰੇ ਲਈ ਚੌੜਾ ਸੀਨਾ, ਸਹਿਣਸ਼ੀਲਤਾ, ਠਰ੍ਹੰਮਾ ਤੇ ਵਿਸ਼ਾਲ ਦਿਲ ਹੈ; ਸਭ ਕੁਝ ਲੁਟਾ ਕੇ ਅਤੇ ਸਿਰਾਂ ਦੀ ਬਾਜ਼ੀ ਲਾ ਕੇ, ਆਪਣੀ ਚਾਲ ਤੁਰਦੇ ਰਹਿਣਾ ਇਸ ਕੌਮ ਦੀ ਫ਼ਿਤਰਤ ਬਣ ਚੁੱਕੀ ਹੈ। ਗੱਲ ਕੀ, ਸਾਕਾ ਸਰਹਿੰਦ, ਸਿੱਖਾਂ ਨੂੰ ਅਣਖ ਤੇ ਗ਼ੈਰਤ ਨਾਲ ਜਿਊਣ ਦਾ ਬਲ ਪ੍ਰਦਾਨ ਕਰਦਾ ਹੈ। ਤੁਸੀਂ ਵੇਖੋਗੇ ਕਿ ਸਾਕਾ ਸਰਹਿੰਦ ਤੋਂ ਲਗਪਗ 4-5 ਸਾਲਾਂ ਬਾਅਦ ਜਦੋਂ ਹੱਥਾਂ ਵਿੱਚ ਸ਼ਮਸ਼ੀਰ ਲੈ ਕੇ ਸਿਖ ਮੈਦਾਨ ਵਿੱਚ ਨਿੱਤਰੇ ਤਾਂ ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ, ਯਾਨੀ ਬਾਬਰ ਕਿਆਂ ਨੂੰ ਬਾਬੇ ਕਿਆਂ ਅੱਗੇ ਝੁਕਣਾ ਪਿਆ। ਸਾਕਾ ਸਰਹਿੰਦ ਤੋਂ ਬਾਅਦ ਸਿੱਖਾਂ ਦੀ ਮਾਨਸਿਕਤਾ ਬਣਤਰ ਵਿੱਚ ਅਜਿਹਾ ਪਰਿਵਰਤਨ ਆਇਆ, ਜਿਸ ਨਾਲ ਸਮੁੱਚੀ ਕੌਮ ਦਾ ਦ੍ਰਿਸ਼ਟਮਾਨ ਰੰਗ-ਰੂਪ ਹੀ ਬਦਲ ਗਿਆ। ਗੁਰੂ ਗੋਬਿੰਦ ਸਿੰਘ ਦੀ ਮੋਹਰ ਛਾਪ ਦੇ ਨਾਲ-ਨਾਲ ਸਾਰੀ ਕੌਮ ਵਿੱਚ ਇਕ ਨਵੀਂ ਰੂਹ ਪਸਰ ਗਈ। ਬੱਸ, ਇਸ ਦੇ

ਨਾਲ ਹੀ ਸਿੱਖ ਉਸ ਸ਼ਾਹ ਰਾਹ 'ਤੇ ਹੋ ਤੁਰੇ ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਮੰਦਭਾਗੀ ਘਟਨਾ ਨੂੰ ਮੁਗ਼ਲ ਹਕੂਮਤ ਦੇ ਜਬਰ, ਜ਼ੁਲਮ ਤੇ ਧਾਰਮਿਕ ਹੱਠ-ਧਰਮੀ ਦੀ ਸਿਖਰ ਕਿਹਾ ਜਾ ਸਕਦਾ ਹੈ। ਮਾਸੂਮ ਜਿੰਦਾਂ 'ਤੇ ਅਜਿਹਾ ਕਹਿਰ ਢਹਿੰਦਾ ਵੇਖ ਕੇ ਧਰਤੀ ਮਾਂ ਨੇ ਵੀ ਲੰਮਾ ਹਉਕਾ ਭਰਿਆ ਹੋਵੇਗਾ। ਸਚਮੁੱਚ ਹੀ, **"ਧਰਤੀ ਮਾਂ ਨੇ ਕਦੇ ਨਾ ਵੇਖੀ, ਇਹ ਹੋਣੀ ਕੀ ਹੋਈ!"** - (ਮਹਿੰਦਰ ਸਿੰਘ ਮਾਨੂੰਪੁਰੀ)।

ਸਾਕਾ ਸਰਹਿੰਦ, ਜ਼ੁਲਮ ਉੱਤੇ ਨਿਆਂ ਦੀ ਫ਼ਤਹਿ, ਝੂਠ ਉੱਤੇ ਸੱਚ ਦੀ ਫ਼ਤਹਿ, ਜਬਰ ਉੱਤੇ ਸਬਰ ਦੀ ਫ਼ਤਹਿ ਅਤੇ ਲਾਲਚ ਉੱਤੇ ਤਿਆਗ ਦੀ ਫ਼ਤਹਿ ਦਾ ਪ੍ਰਤੀਕ ਹੈ। ਅਜਿਹੀਆਂ ਘਟਨਾਵਾਂ ਦੇ ਪ੍ਰਤੀਕਰਮ ਵਜੋਂ ਜਦੋਂ ਕੌਮਾਂ ਕਰਵਟ ਬਦਲਦੀਆਂ ਹਨ ਤਾਂ ਇਤਿਹਾਸ ਵੀ ਥਰਥਰਾਉਣ ਲਗਦਾ ਹੈ। ਦਰਅਸਲ, ਇਹੋ ਜਿਹੀਆਂ ਇਤਿਹਾਸਕ ਘਟਨਾਵਾਂ ਹੀ ਕੌਮਾਂ ਨੂੰ ਜ਼ਿੰਦਾ ਰੱਖਦੀਆਂ ਹਨ, ਕਿਉਂਕਿ :

***ਕਤਲਿ ਹੁਸੈਨ ਦਰਅਸਲ, ਮਰਗਿ ਯਜ਼ੀਦ ਥਾ।***
***ਇਸਲਾਮ ਜ਼ਿੰਦਾ ਹੋਤਾ ਹੈ, ਹਰ ਕਰਬਲਾ ਕੇ ਬਾਅਦ।*** ***(ਇਕਬਾਲ)***
*ਸਰਹਿੰਦ ਦਾ ਖ਼ੂਨੀ ਸਾਕਾ, ਸਿੱਖਾਂ ਦੀ ਕਰਬਲਾ ਦੀ ਕਹਾਣੀ ਹੀ ਤਾਂ ਹੈ!।*

ਆਓ! ਗੱਲ ਨੂੰ ਅੱਗੇ ਤੋਰਨ ਤੋਂ ਪਹਿਲਾਂ 'ਸ਼ਹਾਦਤ' ਸ਼ਬਦ ਦੇ ਅਰਥ ਸਪੱਸ਼ਟ ਕਰ ਲਈਏ। ਸ਼ਹਾਦਤ, ਸੂਰਮਿਆਂ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੀ ਕਿਰਿਆ ਹੈ। ਸਵਾਲ ਉੱਠਦਾ ਹੈ, ਸੂਰਮਾ ਕੌਣ ਹੈ ? ਸੂਰਮਾ ਉਹ ਹੈ ਜੋ ਦੀਨ-ਦੁਖੀ ਲੋਕਾਂ ਦੇ ਹਕਾਂ ਦੀ ਰੱਖਿਆ ਕਰਦਾ ਹੋਇਆ ਆਪਣਾ-ਆਪ ਨਿਛਾਵਰ ਕਰ ਦਿੰਦਾ ਹੈ। 'ਡਰ' ਸ਼ਬਦ ਉਸਦੇ ਸ਼ਬਦ ਕੋਸ਼ ਵਿਚ ਨਹੀਂ ਹੁੰਦਾ, ਕਿਉਂਕਿ ਡਰਨ ਨਾਲ ਸ਼ਹੀਦੀ ਜਾਮ ਹਲਕ ਦੇ ਥਲੇ ਨਹੀਂ ਉਤੱਰ ਸਕਦਾ। ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿੱਚ 'ਸੂਰਮਾ' ਸ਼ਬਦ ਨੂੰ ਬਹੁਤ ਹੀ ਭਾਵਪੂਰਤ ਢੰਗ ਨਾਲ ਇਉਂ ਪਰਿਭਾਸ਼ਤ ਕੀਤਾ ਹੈ :

***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥***
***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥*** (ਪੰਨਾ ੧੧੦੫)

ਗੱਲ ਕੀ, ਸ਼ਹੀਦ ਹੋਣ ਵਾਲਾ ਸੂਰਮਾ, ਸਚਾਈ, ਇਨਸਾਫ਼ ਅਤੇ ਹੱਕ ਉੱਪਰ ਡਟ ਕੇ ਪਹਿਰਾ ਦਿੰਦਾ ਹੋਇਆ ਆਪਣੀ ਜਾਨ ਦੀ ਬਾਜ਼ੀ ਲਗਾ ਦਿੰਦਾ ਹੈ। ਸ਼ਹੀਦ ਦੀ ਮੌਤ ਉੱਤੇ ਫ਼ਤਹਿ ਦਾ ਨਾਂ ਹੈ 'ਸ਼ਹਾਦਤ,' ਜਦ ਕਿ ਮੌਤ ਦੀ ਮਨੁੱਖ ਉੱਤੇ ਫ਼ਤਹਿ ਨੂੰ 'ਮਰਨਾ' ਕਿਹਾ ਜਾਂਦਾ ਹੈ। ਦੂਜਾ, ਸ਼ਹਾਦਤ ਜਿੱਤ ਦੀ ਪ੍ਰਤੀਕ ਹੈ, ਕਿਉਂਕਿ **"ਜੋ ਮਹਾਨ ਉਦੇਸ਼ ਲਈ ਮਰਦੇ ਹਨ, ਜਿਨ੍ਹਾਂ ਦੀ ਮੌਤ ਮਹਾਨ ਉਦੇਸ਼ ਲਈ ਹੁੰਦੀ ਹੈ, ਉਨ੍ਹਾਂ ਦੀ ਕਦੇ ਵੀ ਹਾਰ ਨਹੀਂ ਹੁੰਦੀ।"** (ਹਜ਼ਰਤ ਮੁਹੰਮਦ)। ਜਾਂ ਇਉਂ

ਕਹਿ ਲਵੋ ਕਿ "ਉਹ ਕਦੀ ਨਹੀਂ ਮਰਦੇ" (ਬਾਇਰਨ)। ਸੋ, ਸਾਹਿਬਜ਼ਾਦਿਆਂ ਦੀ ਸ਼ਹਾਦਤ ਮੁਗ਼ਲਾਂ 'ਤੇ ਜਿੱਤ ਦੀ ਪ੍ਰਤੀਕ ਹੈ। ਦੂਜਾ, ਇਸ ਅਦੁੱਤੀ ਘਟਨਾ ਨੇ ਕੌਮ ਦੀ ਤਕਦੀਰ ਤੇ ਤਸਵੀਰ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਤਿਹਾਸ, 'ਸਿਰ ਚੜ੍ਹ ਕੇ ਬੋਲਦਾ' ਹੈ ਕਿ ਇਹ ਸੌਦਾ ਮੁਗ਼ਲ ਹਕੂਮਤ ਨੂੰ ਬਹੁਤ ਮਹਿੰਗਾ ਪਿਆ। ਉਂਝ ਵੀ ਇਹ ਇੱਕ ਖ਼ੂਬ ਜਾਣੀ-ਪਛਾਣੀ ਸਚਾਈ ਹੈ ਕਿ ਸਿੱਖ ਇਤਿਹਾਸ, ਜਬਰ, ਜ਼ੁਲਮ ਤੇ ਧਾਰਮਿਕ ਹੱਠ-ਧਰਮੀ ਕਰਨ ਵਾਲਿਆਂ ਨੂੰ ਕਦੇ ਨਹੀਂ ਬਖ਼ਸ਼ਦਾ। ਭਾਵ ਇਸ ਦੀ ਕੀਮਤ ਉਨ੍ਹਾ ਨੂੰ ਕਦੇ ਨਾ ਕਦੇ, ਕਿਸੇ ਨਾ ਕਿਸੇ ਰੂਪ ਵਿੱਚ ਤਾਰਨੀ ਹੀ ਪੈਂਦੀ ਹੈ।

ਹਾਲਾਤ ਮੰਗ ਕਰਦੇ ਹਨ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ ਇੱਕ ਸਿਲਸਿਲੇਵਾਰ ਢੰਗ ਨਾਲ ਵਿਚਾਰਿਆ ਜਾਵੇ। ਆਓ ਵੇਖੀਏ! ਘਟਨਾਵਾਂ ਦਾ ਸਿਲਸਿਲਾ ਕਿੱਥੋਂ ਸ਼ੁਰੂ ਹੁੰਦਾ ਹੈ ਅਤੇ ਇਤਿਹਾਸ ਦੀ ਹਿੱਕ 'ਤੇ ਪੈੜਾਂ ਛਡਦਾ ਕਿੱਥੇ ਜਾ ਕੇ ਖ਼ਤਮ ਹੁੰਦਾ ਹੈ, ਇਤਿਹਾਸ ਕਿਵੇਂ ਥਰਥਰਾਉਣ ਲਗਦਾ ਹੈ, ਕਿਵੇਂ ਅਚਾਨਕ ਇੱਕ ਮੋੜ ਕੱਟਦਾ ਹੈ ਅਤੇ ਫਿਰ ਕਿਵੇਂ ਬਾਬਾ ਬੰਦਾ ਸਿੰਘ ਬਹਾਦਰ, ਸਾਕਾ ਸਰਹਿੰਦ ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖ਼ਾਂ ਨੂੰ ਮੌਤ ਦੇ ਘਾਟ ਉਤਾਰ ਕੇ ਸਿੱਖ ਰਾਜ ਦਾ ਨੀਂਹ-ਪੱਥਰ ਗੱਡਦਾ ਹੈ।

## ਪਿਛੋਕੜ

ਪਹਾੜੀ ਰਾਜਿਆਂ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਾਰਵਾਈਆਂ ਤੋਂ ਆਪਣੇ ਧਰਮ ਅਤੇ ਆਪਣੀ ਸੱਤਾ ਨੂੰ ਖ਼ਤਰਾ ਜਾਪਿਆ, ਨੇ ਸਮੇਂ ਦੇ ਮੁਗ਼ਲ ਸਮਰਾਟ ਔਰੰਗਜ਼ੇਬ ਪਾਸ ਮਦਦ ਲਈ ਬੇਨਤੀ ਕੀਤੀ। ਔਰੰਗਜ਼ੇਬ, ਜੋ ਉਸ ਸਮੇਂ ਦੱਖਣ ਵਿੱਚ ਸੀ, ਨੇ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਗੁਰੂ ਸਾਹਿਬ ਵਿਰੁੱਧ ਕਾਰਵਾਈ ਕਰਨ ਦਾ ਹੁਕਮ ਦਿੱਤਾ। ਉਨ੍ਹਾਂ ਨੇ ਸੰਨ 1701 ਈ. ਵਿੱਚ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ। ਪਹਾੜੀ ਰਾਜਿਆਂ ਤੇ ਮੁਗ਼ਲ ਫ਼ੌਜਾਂ ਦੇ ਮੁੜ-ਮੁੜ ਕੇ ਕੀਤੇ ਹਮਲਿਆਂ ਦਾ ਮੁਕਾਬਲਾ ਸਿੱਖ ਤਿੰਨ ਸਾਲਾਂ ਤੱਕ ਡਟ ਕੇ ਕਰਦੇ ਰਹੇ। ਅੰਤ, 1704 ਈ. ਵਿੱਚ ਵੈਰੀਆਂ ਨੇ ਕਿਲ੍ਹੇ ਨੂੰ ਚਾਰੇ ਪਾਸਿਓਂ ਪੂਰੀ ਤਰ੍ਹਾਂ ਘੇਰ ਲਿਆ ਅਤੇ ਰਾਸ਼ਨ ਪਾਣੀ ਅੰਦਰ ਜਾਣ 'ਤੇ ਸਖ਼ਤੀ ਨਾਲ ਰੋਕ ਲਗਾ ਦਿੱਤੀ। ਫ਼ਲਸਰੂਪ, ਸਿੱਖ ਭੁੱਖ ਅਤੇ ਪਿਆਸ ਹੱਥੋਂ ਤੰਗ ਆ ਗਏ ਅਤੇ ਹਰ ਚੜ੍ਹਦੇ ਸੂਰਜ ਨਾਲ ਉਨ੍ਹਾਂ ਦੀ ਸਰੀਰਕ ਸ਼ਕਤੀ ਘਟਣ ਲੱਗੀ। ਦੂਜਾ, ਦੁਸ਼ਮਣ ਅਤੇ ਸਿੱਖਾਂ ਦੀ ਫ਼ੌਜ ਦੀ ਨਫ਼ਰੀ ਵਿੱਚ ਜ਼ਮੀਨ-ਆਸਮਾਨ ਦਾ ਫ਼ਰਕ ਸੀ। ਫਿਰ ਵੀ ਪਹਾੜੀ ਰਾਜਿਆਂ ਅਤੇ ਮੁਗ਼ਲ ਫ਼ੌਜਾਂ ਦੇ ਜਰਨੈਲਾਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਉਹ ਤਾਕਤ ਦੀ ਵਰਤੋਂ ਨਾਲ ਕਿਲ੍ਹਾ ਖ਼ਾਲੀ ਨਹੀਂ ਕਰਵਾ ਸਕਣਗੇ। ਸੋ, ਪਹਾੜੀ ਰਾਜਿਆਂ ਅਤੇ ਮੁਗ਼ਲ

ਫ਼ੌਜਾਂ ਦੇ ਜਰਨੈਲਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਅਤੇ ਕਸਮਾਂ ਖਾਧੀਆਂ ਕਿ ਜੇਕਰ ਉਹ ਕਿਲ੍ਹੇ ਨੂੰ ਛੱਡ ਕੇ ਚਲੇ ਜਾਣ ਦਾ ਮਨ ਬਣਾ ਲੈਣ ਤਾਂ ਉਨ੍ਹਾਂ ਨੂੰ ਖ਼ਤਰੇ ਤੋਂ ਖ਼ਾਲੀ ਲਾਂਘਾ ਦਿੱਤਾ ਜਾ ਸਕਦਾ ਹੈ, ਭਾਵ ਉਨ੍ਹਾਂ ਦੇ ਕਾਫ਼ਲੇ 'ਤੇ ਹਮਲਾ ਨਹੀਂ ਕੀਤਾ ਜਾਵੇਗਾ।

ਬੇਸ਼ੱਕ ਗੁਰੂ ਸਾਹਿਬ ਨੂੰ ਇਸ ਗੱਲ ਦਾ ਗਿਆਨ ਸੀ ਕਿ *"ਮਿਲ ਕਰ ਦਗ਼ਾ ਕਰੇਂਗੇ, ਯੇ ਵਾਅਦੇ ਕੇ ਰੰਗ ਮੇਂ"* ਫਿਰ ਵੀ, ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ, ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ਕੂਚ ਕਰਨ ਦਾ ਮਨ ਬਣਾ ਲਿਆ। 6-7 ਪੋਹ, 1761 ਬਿ. ਮੁਤਾਬਿਕ 20-21 ਦਸੰਬਰ, 1704 ਈ., ਮੰਗਲ-ਬੁੱਧ ਦੀ ਵਿਚਕਾਰਲੀ ਰਾਤ ਨੂੰ ਗੁਰੂ ਸਾਹਿਬ ਅਨੰਦਪੁਰ ਸਾਹਿਬ ਤੋਂ ਰਵਾਨਾ ਹੋਏ ਅਤੇ ਕੀਰਤਪੁਰ ਸਾਹਿਬ ਨੂੰ ਹੁੰਦੇ ਹੋਏ ਰੋਪੜ ਵੱਲ ਵਧਣ ਲੱਗੇ। ਬੱਸ ਇਸ ਦੇ ਨਾਲ ਹੀ ਸਰਹਿੰਦ ਤੇ ਚਮਕੌਰ ਸਾਹਿਬ ਦੇ ਖ਼ੂਨੀ ਸਾਕਿਆਂ ਦੀ ਲੜੀ ਸ਼ੁਰੂ ਹੁੰਦੀ ਹੈ। ਈ. ਸੀ. ਅਰੋੜਾ ਆਪਣੀ ਪੁਸਤਕ, 'ਪੰਜਾਬ ਦਾ ਇਤਿਹਾਸ' ਦੇ ਪੰਨਾ 233 'ਤੇ ਲਿਖਦਾ ਹੈ ਕਿ **"ਇਹ ਇੱਕ ਠੰਢੀ ਤੇ ਵਰਖਾ ਦੀ ਰੁੱਤ ਸੀ, ਜਦੋਂ ਗੁਰੂ ਸਾਹਿਬ ਨੇ ਆਪਣੇ ਪਰਿਵਾਰ (ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਤੇ ਗੁਰੂ ਕੇ ਮਹਿਲ) ਅਤੇ ਲਗਪਗ 1500 ਸਿੱਖਾਂ ਸਮੇਤ ਅਨੰਦਪੁਰ ਸਾਹਿਬ ਨੂੰ ਛੱਡਿਆ।"** ਪਰ ਪ੍ਰਸਿੱਧ ਵਿਦਵਾਨ ਤੇ ਖੋਜੀ ਪ੍ਰੋ. ਹਰਬੰਸ ਸਿੰਘ ਆਪਣੀ ਪੁਸਤਕ 'ਗੁਰੂ ਗੋਬਿੰਦ ਸਿੰਘ' ਦੇ ਪੰਨਾ 110 'ਤੇ ਲਿਖਦਾ ਹੈ ਕਿ ਗੁਰੂ ਸਾਹਿਬ ਨਾਲ ਉਸ ਸਮੇਂ ਲਗਪਗ 500 ਸਿੱਖ ਸਨ। ਜਦੋਂ ਇਹ ਕਾਫ਼ਲਾ ਸਰਸਾ ਨਦੀ ਦੇ ਨੇੜੇ ਪਹੁੰਚਿਆ ਤਾਂ ਪਹਾੜੀ ਰਾਜਿਆਂ ਤੇ ਮੁਗ਼ਲ ਜਰਨੈਲਾਂ ਨੇ ਗਊ ਤੇ ਕੁਰਾਨ ਦੀਆਂ ਕਸਮਾਂ ਤੋੜ ਕੇ ਵਹੀਰ 'ਤੇ ਇੱਕ ਭਰਵਾਂ ਹੱਲਾ ਬੋਲ ਦਿੱਤਾ। ਪਹਾੜੀ ਇਲਾਕਿਆਂ ਵਿਚ ਵਰਖਾ ਹੋਣ ਕਾਰਣ ਸਰਸਾ ਨਦੀ ਵਿੱਚ ਉਸ ਸਮੇਂ ਹੜ੍ਹ ਆਇਆ ਹੋਇਆ ਸੀ। ਗੁਰੂ ਸਾਹਿਬ ਇਸ ਤਰਾਂ ਘਿਰ ਗਏ, ਜਿਵੇਂ ਸੰਨ 1899 ਵਿੱਚ ਟਰਾਂਸਵਾਲ ਦੀ ਜੰਗ ਵਿੱਚ ਜਨਰਲ ਕਰਾਉਂਜੀ ਬੋਇਰ ਚਾਰ ਹਜ਼ਾਰ ਆਦਮੀਆਂ ਨਾਲ ਅੰਗਰੇਜ਼ੀ ਫ਼ੌਜ ਦੇ ਬੇਸ਼ੁਮਾਰ ਸਿਪਾਹੀਆਂ ਦੇ ਘੇਰੇ ਵਿੱਚ ਆ ਗਿਆ ਸੀ। ਇੱਕ ਪਾਸੇ ਨਦੀ ਸੀ ਅਤੇ ਦੂਜੇ ਪਾਸੇ ਪਹਾੜ। ਫਿਰ ਆਖ਼ਰਕਾਰ ਉਸ ਨੂੰ ਆਪਣੇ-ਆਪ ਨੂੰ ਅੰਗਰੇਜ਼ਾਂ ਦੇ ਹਵਾਲੇ ਕਰਨਾ ਪਿਆ। ਇਹੋ ਹਾਲ ਉਸ ਸਮੇਂ ਗੁਰੂ ਸਾਹਿਬ ਦਾ ਸੀ। ਅਗਲੇ ਪਾਸੇ ਸ਼ੂਕਦੀ ਤੇ ਠਾਠਾਂ ਮਾਰਦੀ ਨਦੀ ਸੀ ਅਤੇ ਪਿਛਲੇ ਪਾਸਿਓਂ ਸ਼ਾਹੀ ਫ਼ੌਜ ਮਾਰੋ-ਮਾਰ ਕਰਦੀ ਆ ਰਹੀ ਸੀ।... ਪਰ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ, ਜਨਰਲ ਕਰਾਉਂਜੀ ਨਹੀਂ ਸਨ ਕਿ ਉਹ ਆਪਣੇ-ਆਪ ਨੂੰ ਮੁਗ਼ਲਾਂ ਦੇ ਹਵਾਲੇ ਕਰ ਦੇਂਦੇ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੰਘ ਮੈਦਾਨ ਵਿੱਚ ਡਟ ਖਲੋਤੇ। ਸਰਸਾ ਨਦੀ ਦੇ ਕੰਢੇ 'ਤੇ ਘਮਸਾਨ ਦਾ ਯੁੱਧ ਹੋਇਆ। ਕੁਝ ਸਿੰਘਾਂ ਨੇ ਹਿੰਮਤ ਕੀਤੀ ਤੇ ਮਾਤਾ ਗੁਜਰੀ, ਗੁਰੂ ਕੇ ਮਹਿਲ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨਦੀ ਵਿੱਚੋਂ ਪਾਰ ਲੈ ਗਏ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੰਘ ਘੋੜਿਆਂ ਸਮੇਤ ਹੀ

ਨਦੀ ਵਿੱਚ ਕੁੱਦ ਪਏ।

ਸਰਸਾ ਨਦੀ ਪਾਰ ਕਰਨ ਉਪਰੰਤ ਸਿੰਘ ਹਾਲੇ ਪੂਰੀ ਤਰਾਂ ਇਕੱਠੇ ਵੀ ਨਹੀਂ ਸਨ ਹੋਏ ਕਿ ਅਗੋਂ ਰੋਪੜ ਦੇ ਰੰਘੜਾਂ ਨੇ ਹੱਲਾ ਬੋਲ ਦਿੱਤਾ। ਪਰ ਗੁਰੂ ਸਾਹਿਬ ਨੇ ਇਸ ਨਵੀਂ ਆਫ਼ਤ 'ਤੇ ਜਲਦੀ ਹੀ ਕਾਬੂ ਪਾ ਲਿਆ। ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਲਿਖਦੇ ਹਨ ਕਿ "**ਰੋਪੜ ਦੇ ਲਾਗੇ ਤੱਕ ਸਾਰਾ ਪਰਿਵਾਰ, ਮਾਤਾ ਗੁਜਰੀ ਜੀ, ਗੁਰੂ ਸਾਹਿਬ ਦੇ ਮਹਿਲ ਤੇ ਸਾਹਿਬਜ਼ਾਦੇ ਇਕੱਠੇ ਹੀ ਸਨ।**" ਸ਼ਹਿਰ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਗੁਰੂ ਸਾਹਿਬ ਨੇ ਆਪਣੇ ਮਹਿਲਾਂ ਨੂੰ ਇੱਕ ਸਿੰਘ ਨਾਲ ਦਿੱਲੀ ਲਈ ਰਵਾਨਾ ਕਰ ਦਿੱਤਾ। ਬੇਸ਼ੱਕ ਗੁਰੂ ਸਾਹਿਬ ਨੇ ਰੰਘੜਾਂ ਦੇ ਹੱਲੇ ਨੂੰ ਜਲਦੀ ਹੀ ਪਿਛਾੜ ਦਿੱਤਾ, ਫਿਰ ਵੀ ਇਸ ਅਚਨਚੇਤ ਹੱਲੇ ਕਾਰਨ ਪੈਦਾ ਹੋਈ ਗੜਬੜ/ਭਗਦੜ ਦੌਰਾਨ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ- ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਵਹੀਰ ਨਾਲੋਂ ਨਿੱਖੜ ਗਏ ਅਤੇ ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਇੱਕ ਹੋਰ ਪਾਸੇ ਨੂੰ ਨਿਕਲ ਗਏ। ਗੁਰੂ ਸਾਹਿਬ ਦੀਆਂ ਮੁਸੀਬਤਾਂ ਦੀ ਪੰਡ ਵਿੱਚ ਇਹ ਇਕ ਨਵਾਂ ਵਾਧਾ ਸੀ। ਗੁਰੂ ਸਾਹਿਬ ਨੇ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਬਹੁਤ ਤਲਾਸ਼ ਕੀਤੀ। ਸੁਭਾਵਿਕ ਹੀ ਹੈ ਕਿ ਇਸ ਸਥਿਤੀ ਵਿੱਚ ਗੁਰੂ ਸਾਹਿਬ ਦਾ ਅੱਗੇ ਵਧਣ ਨੂੰ ਦਿਲ ਨਹੀਂ ਸੀ ਕਰ ਰਿਹਾ। ਬਕੌਲ ਅੱਲ੍ਹਾ ਯਾਰ ਖ਼ਾਂ ਜੋਗੀ :

*ਲਖ਼ਤਿ-ਜਿਗਰ ਹਜ਼ੂਰ ਕੇ ਜਿਸ ਦਮ ਬਿਛੜ ਗਏ।*
*ਪਾਓਂ ਵਹੀਂ ਵਫ਼ੂਰਿ-ਮੁਹੱਬਤ ਸੇ ਗੜ ਗਏ।*

ਪਰ ਸਮਾਂ ਇਜਾਜ਼ਤ ਨਹੀਂ ਸੀ ਦੇ ਰਿਹਾ ਕਿ ਹੋਰ ਰੁਕਿਆ ਜਾਵੇ। ਉਂਝ ਵੀ ਗੁਰੂ ਸਾਹਿਬ ਨੇ ਤਾਂ ਰੁਕਣਾ ਸਿੱਖਿਆ ਹੀ ਨਹੀਂ ਸੀ ਅਤੇ ਨਾ ਹੀ ਉਹ ਵਕਤ ਦੇ ਸਾਂਚੇ ਵਿੱਚ ਢਲਣ ਵਾਲੇ ਸਨ। ਗੁਰੂ ਸਾਹਿਬ ਨੇ ਤਾਂ ਸਗੋਂ ਵਕਤ ਦੇ ਸਾਂਚਿਆਂ ਨੂੰ ਹੀ ਬਦਲ ਕੇ ਰੱਖ ਦਿੱਤਾ ਸੀ। ਸੋ, ਗੁਰੂ ਸਾਹਿਬ ਨੇ ਆਪਣੇ ਉਲੀਕੇ ਹੋਏ ਪ੍ਰੋਗਰਾਮ ਅਨੁਸਾਰ ਚਮਕੌਰ ਸਾਹਿਬ ਵੱਲ ਵਾਗਾਂ ਮੋੜੀਆਂ ਅਤੇ ਆਪਣੇ ਸਿੰਘਾਂ ਤੇ ਦੋ ਵੱਡੇ ਸਾਹਿਬਜ਼ਾਦਿਆਂ ਸੰਗ ਚਮਕੌਰ ਸਾਹਿਬ ਵੱਲ ਕੂਚ ਕਰ ਦਿੱਤਾ।

ਮੁੱਖ ਵਿਸ਼ੇ ਨੂੰ ਧਿਆਨ ਵਿੱਚ ਰੱਖਦਿਆਂ, ਚਮਕੌਰ ਸਾਹਿਬ ਵੱਲ ਕੂਚ ਕਰਨ ਦੀ ਗੱਲ ਨੂੰ ਇੱਥੇ ਹੀ ਛੱਡਦਿਆਂ, ਆਓ! ਇਤਿਹਾਸ ਦੀਆਂ ਪੈੜਾਂ ਨੂੰ ਨੱਪਦੇ ਹੋਏ ਉਸ ਸਥਾਨ 'ਤੇ ਪਹੁੰਚੀਏ ਜਿੱਥੇ ਨਿੱਕੀਆਂ ਜਿੰਦਾਂ ਦਾ ਵੱਡਾ ਸਾਕਾ ਵਾਪਰਿਆ, ਜਾਂ ਇਉਂ ਕਹਿ ਲਵੋ :

*ਜ਼ੋਰਾਵਰ ਔਰ ਫ਼ਤਹਿ ਕਾ, ਇਸ ਦਮ ਬਿਆਂ ਸੁਨੋ।*
*ਪਹੁੰਚੇ ਬਿਛੜ ਕੇ ਹਾਇ! ਕਹਾਂ ਸੇ ਕਹਾਂ ਸੁਨੋ।* (ਅੱਲ੍ਹਾ ਯਾਰ ਖ਼ਾ ਜੋਗੀ)

ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ, ਵਹੀਰ ਨਾਲੋਂ ਨਿੱਖੜਨ ਉਪਰੰਤ, ਗੰਗੂ ਦੀ ਰਹਿਨੁਮਾਈ ਵਿੱਚ ਉਸ ਦੇ ਪਿੰਡ ਸਹੇੜੀ (ਨੇੜੇ ਮੁਰਿੰਡਾ) ਵਿਖੇ ਪਹੁੰਚ ਕੇ

ਉਸ ਦੇ ਹੀ ਘਰ ਸ਼ਰਨ ਲੈਂਦੇ ਹਨ। ਮਾਤਾ ਜੀ ਕੋਲ ਧਨ-ਦੌਲਤ ਵੇਖ ਕੇ ਗੰਗੂ ਦੀ ਨੀਅਤ ਫਿੱਟ ਗਈ। ਉਸ ਨੇ ਰਾਤ ਵੇਲੇ ਮਾਤਾ ਜੀ ਦਾ ਸਾਰਾ ਧਨ ਅਤੇ ਗਹਿਣੇ ਚੁਰਾ ਲਏ। ਸਵੇਰੇ ਉੱਠ ਕੇ ਜਦੋਂ ਮਾਤਾ ਜੀ ਨੇ ਵੇਖਿਆ ਕਿ ਧਨ-ਦੌਲਤ ਗ਼ਾਇਬ ਹੈ ਤਾਂ ਉਨ੍ਹਾਂ ਨੇ ਗੰਗੂ ਪਾਸੋਂ ਪੁੱਛ-ਪੜਤਾਲ ਕੀਤੀ। ਪਰ ਆਪਣੀ ਗ਼ਲਤੀ ਨੂੰ ਸਵੀਕਾਰ ਕਰਨ ਦੀ ਬਜਾਏ ਉਹ ਉਲਟਾ ਮਾਤਾ ਜੀ ਦੇ ਗਲ਼ ਪੈ ਗਿਆ। ਮਾਤਾ ਜੀ ਨਾਲ ਔਖਾ-ਭਾਰਾ ਹੋਣ ਤੋਂ ਬਾਅਦ ਉਹ ਝੱਟ ਮੁਰਿੰਡੇ ਵੱਲ ਹੋ ਤੁਰਿਆ, ਭਾਵ ਉਹ ਆਪਣੀ ਕਰਤੂਤ ਨੂੰ ਛੁਪਾਉਣ ਲਈ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਨੂੰ ਫੜਾਉਣ ਦੇ ਰਾਹ ਹੋ ਤੁਰਿਆ। ਬਕੌਲ ਸ਼ਾਇਰ :

*ਚੁਪ-ਚਾਪ ਘਰ ਸੇ ਚਲ ਦੀਆ ਫ਼ਿਰ ਵੁਹ ਨਿਮਕ-ਹਰਾਮ।*
*ਪਹੁੰਚਾ ਵੁਹ ਉਸ ਜਗਹ ਪਿ ਮੋਰਿੰਡਾ ਥਾ ਜਿਸ ਕਾ ਨਾਮ।*

ਬੱਸ ਫਿਰ ਕੀ ਸੀ! ਉਸ ਨੇ ਮੁਰਿੰਡਾ ਦੇ ਕੋਤਵਾਲ ਕੋਲ ਪਹੁੰਚ *"ਗੱਲ ਜਾਇ ਦੱਸੀ ਸਾਰੀ ਭੇਤ ਵਾਲੀ"*, ਯਾਨੀ *"ਮਤਲਬ ਥਾ ਜਿਸ ਕਾ, ਘਰ ਮਿਰੇ ਸਤਿਗੁਰ ਕੇ ਲਾਲ ਹੈਂ।"* ਇਸ ਤਰ੍ਹਾਂ ਗੰਗੂ ਨੇ ਲਾਲਚਵੱਸ ਮਾਤਾ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਮੁਰਿੰਡਾ ਤੋਂ ਪੁਲੀਸ ਲਿਆ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਡਾ. ਗੰਡਾ ਸਿੰਘ ਲਿਖਦੇ ਹਨ ਕਿ "**ਮਾਤਾ ਜੀ ਨੇ ਉਸ ਨੂੰ ਬਹੁਤ ਕੁਝ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਆਪਣੀ ਕਰਤੂਤ ਨੂੰ ਛੁਪਾਉਣ ਲਈ ਉਨ੍ਹਾਂ ਨੂੰ ਫੜਾਉਣ ਦੇ ਆਹਰੇ ਲਗ ਗਿਆ ਤੇ ਲਾਗੇ ਹੀ ਪਿੰਡ ਮੋਰਿੰਡਿਓਂ ਜਾਨੀ ਖ਼ਾਂ ਤੇ ਮਾਨੀ ਖ਼ਾਂ ਨੂੰ ਨਾਲ ਲੈ ਆਇਆ, ਤੇ ਤੜਕੇ ਚੰਦ ਦੀ ਚਾਨਣੀ ਵਿੱਚ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।**" ਇਹ ਗੱਲ 23 ਦਸੰਬਰ ਦੇ ਸਵੇਰ ਦੀ ਹੈ। ਜਾਨੀ ਖ਼ਾਂ ਤੇ ਮਾਨੀ ਖ਼ਾਂ ਉਨ੍ਹਾਂ ਨੂੰ ਉਸੇ ਵੇਲੇ ਰਥ ਵਿੱਚ ਬਿਠਾ ਕੇ ਸਰਹਿੰਦ ਵੱਲ ਲੈ ਤੁਰੇ। ਸੂਰਜ ਨਿਕਲਣ ਦੇ ਨਾਲ ਉਹ ਮੁਰਿੰਡੇ ਪਹੁੰਚੇ ਅਤੇ ਪਿੰਡ ਤੋਂ ਬਾਹਰ ਇੱਕ ਖੂਹ 'ਤੇ ਰੁਕੇ, ਜਿੱਥੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੇ ਜਲ ਛਕਿਆ। ਇੱਥੇ ਉਹ ਥੋੜ੍ਹੇ ਸਮੇਂ ਲਈ ਰੁਕੇ ਅਤੇ ਉਸੇ ਦਿਨ ਸ਼ਾਮ ਨੂੰ ਇਨ੍ਹਾਂ ਤਿੰਨਾ ਸ਼ਾਹੀ ਕੈਦੀਆਂ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਦੇ ਹਵਾਲੇ ਕਰ ਦਿੱਤਾ ਗਿਆ। ਸੂਬੇਦਾਰ ਨੇ ਇਨ੍ਹਾਂ ਤਿੰਨਾਂ ਨੂੰ ਅਗਲੀ ਕਾਰਵਾਈ ਤੱਕ ਸਰਹਿੰਦ ਦੇ ਕਿਲ੍ਹੇ ਦੇ ਇੱਕ ਬੁਰਜ, ਜਿਸ ਨੂੰ 'ਠੰਢਾ ਬੁਰਜ' ਕਿਹਾ ਜਾਂਦਾ ਸੀ, ਵਿੱਚ ਨਜ਼ਰਬੰਦ ਕਰ ਦਿੱਤਾ।

ਗੁਰੂ ਘਰ ਦੇ ਇੱਕ ਸ਼ਰਧਾਲੂ, ਬਾਬਾ ਮੋਤੀ ਰਾਮ ਮਹਿਰਾ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ, ਰਾਤ ਵੇਲੇ ਬੜੇ ਨਾਟਕੀ ਢੰਗ ਨਾਲ ਠੰਢੇ ਬੁਰਜ ਵਿੱਚ ਦਾਖ਼ਲ ਹੋ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਦੁੱਧ ਛਕਾਇਆ। ਬਾਬਾ ਮੋਤੀ ਰਾਮ ਮਹਿਰਾ ਦਾ ਇਹ ਕਾਰਨਾਮਾ, ਸਿੱਖ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ।

ਇੱਥੇ ਇਹ ਗੱਲ ਸਪੱਸ਼ਟ ਕਰ ਦੇਣੀ ਜ਼ਰੂਰੀ ਬਣਦੀ ਹੈ ਕਿ ਗੁਰੂ ਗੋਬਿੰਦ ਸਿੰਘ

ਜੀ ਵੱਲੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਦੀ ਮਿਤੀ ਬਾਰੇ ਇਤਿਹਾਸਕਾਰਾਂ ਵਿੱਚ ਡੂੰਘੇ ਮਤਭੇਦ ਹਨ। ਇਵੇਂ ਹੀ ਸਾਹਿਬਜ਼ਾਦਿਆਂ ਦੀਆਂ ਸ਼ਹਾਦਤ ਦੀਆਂ ਮਿਤੀਆਂ ਬਾਰੇ ਵੀ ਇਤਿਹਾਸਕਾਰ ਇੱਕਸੁਰ ਨਹੀਂ ਹਨ। ਹੱਥਲੀ ਲਿਖਤ ਵਿੱਚ ਉਨ੍ਹਾਂ ਮਿਤੀਆਂ ਨੂੰ ਮਾਨਤਾ ਦਿੱਤੀ ਗਈ ਹੈ, ਜਿਨ੍ਹਾਂ ਅਨੁਸਾਰ ਹਰ ਸਾਲ ਸਰਹਿੰਦ-ਫ਼ਤਹਿਗੜ੍ਹ ਸਾਹਿਬ ਵਿਖੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ।

## ਸੂਬੇਦਾਰ ਵਜ਼ੀਰ ਖ਼ਾਂ ਦੀ ਕਚਹਿਰੀ ਵਿੱਚ ਪਹਿਲੀ ਪੇਸ਼ੀ

ਸਾਹਿਬਜ਼ਾਦਿਆਂ ਨੂੰ 23-24 ਦਸੰਬਰ, 1704 ਦੀ ਰਾਤ ਠੰਢੇ ਬੁਰਜ ਵਿੱਚ ਨਜ਼ਰਬੰਦ ਰੱਖਣ ਉਪਰੰਤ 24 ਦਸੰਬਰ ਨੂੰ ਸੂਬੇਦਾਰ ਵਜ਼ੀਰ ਖ਼ਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਸਾਹਿਬਜ਼ਾਦੇ, ਬੜੀ ਚੜ੍ਹਦੀ ਕਲਾ, ਸਿਦਕ ਤੇ ਦ੍ਰਿੜ੍ਹਤਾ ਨਾਲ ਕਚਹਿਰੀ ਵਿੱਚ ਪੇਸ਼ ਹੋਏ। ਸੂਬੇਦਾਰ ਨੇ ਪੈਂਦੀ ਸੱਟੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਉਨ੍ਹਾਂ ਦੇ ਪਿਤਾ ਗੁਰੂ ਗੋਬਿੰਦ ਸਿੰਘ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਚੁੱਕੇ ਹਨ ਅਤੇ ਹੁਣ ਉਨ੍ਹਾਂ ਦੀ ਜਾਨ ਤਾਂ ਹੀ ਬਚ ਸਕਦੀ ਹੈ ਜੇ ਉਹ ਇਸਲਾਮ ਕਬੂਲ ਕਰ ਲੈਣ। ਪਰ ਸਾਹਿਬਜ਼ਾਦੇ ਆਪਣਾ ਧਰਮ ਤਿਆਗਣ ਨੂੰ ਕਦ ਤਿਆਰ ਹੋ ਸਕਦੇ ਸਨ! ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਆਪਣਾ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਉਹ ਆਪਣੇ ਸਿੱਖ ਧਰਮ ਨੂੰ ਆਪਣੀ ਜਾਨ ਦੀ ਨਕਦੀ ਨਾਲ ਵੇਚਣਾ ਨਹੀਂ ਚਾਹੁੰਦੇ, ਕਿਉਂਕਿ *"ਹਮਰੇ ਬੰਸ ਰੀਤਿ ਇਹ ਆਈ। ਸੀਸ ਦੇਤਿ ਪਰ ਧਰਮ ਨਾ ਜਾਈ।"* ਇਸ ਤਰ੍ਹਾਂ ਸਾਹਿਬਜ਼ਾਦਿਆਂ ਨੇ ਉਹ ਹੀ ਉੱਤਰ ਦਿੱਤਾ, ਜੋ ਗੁਰੂ ਜੀ ਦੇ ਪੁੱਤਰਾਂ ਦੀ ਸ਼ਾਨ ਦੇ ਅਨੁਕੂਲ ਤੇ ਯੋਗ ਸੀ ਅਤੇ ਜੋ ਗੁਰੂ ਸਾਹਿਬ ਦੀ ਇੱਜ਼ਤ ਤੇ ਮਾਣ ਨੂੰ ਚਾਰ ਗੁਣਾਂ ਉੱਚਾ ਕਰੇ, ਅਤੇ ਜਿਸ ਉੱਤਰ ਦੀ ਇਤਨੀ ਛੋਟੀ ਉਮਰ ਵਾਲੇ ਬੱਚਿਆਂ ਤੋਂ ਕਦੇ ਆਸ ਨਹੀਂ ਸੀ ਕੀਤੀ ਜਾ ਸਕਦੀ। ਖ਼ੈਰ! ਕਚਹਿਰੀ ਵਿੱਚ ਹਾਜ਼ਿਰ ਉੱਚ ਅਧਿਕਾਰੀਆਂ ਨੇ ਵੀ ਸਾਹਿਬਜ਼ਾਦਿਆਂ ਨੂੰ ਨਵਾਬ ਅੱਗੇ ਝੁਕਣ ਅਤੇ ਇਸਲਾਮ ਕਬੂਲ ਕਰਨ ਲਈ ਪ੍ਰੇਰਿਆ। ਸੂਬੇਦਾਰ ਨੇ ਵੀ ਆਪਣੀ ਸੁਰ ਬਦਲਦਿਆਂ, ਦੁਨੀਆਵੀ ਲਾਲਚਾਂ ਦਾ ਚੋਗਾ ਸੁੱਟਿਆ, ਭਾਵ ਇਸਲਾਮ ਕਬੂਲ ਕਰਕੇ ਸ਼ਾਹੀ ਠਾਠ-ਬਾਠ ਦੀ ਜ਼ਿੰਦਗੀ ਬਤੀਤ ਕਰਨ ਦੀ ਪੇਸ਼ਕਸ਼ ਕੀਤੀ। ਪਰ ਸਾਹਿਬਜ਼ਾਦੇ ਅਡੋਲ ਅਤੇ ਆਪਣੇ ਵਚਨਾਂ 'ਤੇ ਕਾਇਮ ਰਹੇ। ਸੂਬੇਦਾਰ ਨੇ ਇਹ ਸੋਚ ਕੇ ਕਿ ਸਾਹਿਬਜ਼ਾਦੇ ਬੱਚੇ ਹਨ, ਮਾਸੂਮ ਹਨ, ਹੌਲ਼ੀ-ਹੌਲ਼ੀ ਡਰਾਉਣ ਧਮਕਾਉਣ ਨਾਲ ਮੰਨ ਜਾਣਗੇ, ਉਨ੍ਹਾਂ ਨੂੰ ਮੁੜ ਠੰਢੇ ਬੁਰਜ ਵਿੱਚ ਭੇਜ ਦਿੱਤਾ ਅਤੇ ਕਚਹਿਰੀ ਬਰਖ਼ਾਸਤ ਕਰਦਿਆਂ, ਅਗਲੀ ਸਵੇਰ ਫਿਰ ਕਚਹਿਰੀ ਵਿੱਚ ਪੇਸ਼ ਕਰਨ ਦਾ ਹੁਕਮ ਦਿੱਤਾ।

## ਦੂਜੀ ਪੇਸ਼ੀ

25 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਮੁੜ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਉਹੀ ਚੜ੍ਹਦੀ ਕਲਾ ਵੇਖ ਕੇ ਸੂਬੇਦਾਰ ਵਜ਼ੀਰ ਖ਼ਾਂ ਅੱਗ-ਵਰੋਲਾ ਹੋ ਗਿਆ। ਕੋਈ ਵਾਹ ਨਾ ਚਲਦੀ ਵੇਖ ਕੇ ਸੂਬੇਦਾਰ, ਸਾਹਿਬਜ਼ਾਦਿਆਂ ਨੂੰ ਡਰਾਉਣ ਤੇ ਧਮਕਾਉਣ 'ਤੇ ਉਤਰ ਆਇਆ। ਇਸਲਾਮ ਕਬੂਲ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾ ਦੇਣ/ਕਤਲ ਕਰਵਾ ਦੇਣ ਦੀ ਧਮਕੀ ਦਿੱਤੀ, ਪਰ :

*ਸੱਚ ਕਦ ਡਰਦਾ ਹੈ ਕੰਧਾਂ ਤੋਂ, ਸੱਚ ਕਦ ਡਰਦਾ ਲਲਕਾਰਾਂ ਤੋਂ?*
*ਸੱਚ ਕਦ ਡਰਦਾ ਹੈ ਜਾਬਰ ਤੋਂ, ਸੱਚ ਕਦ ਡਰਦਾ ਤਲਵਾਰਾਂ ਤੋਂ?*

(ਡਾ. ਚਰਨ ਸਿੰਘ ਗਿੱਲ)

ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਸੂਬੇਦਾਰ ਵਜ਼ੀਰ ਖ਼ਾਂ ਅਜੇ ਦੋ ਕੁ ਦਿਨ ਪਹਿਲਾਂ ਹੀ ਚਮਕੌਰ ਸਾਹਿਬ ਦੀ ਜੰਗ ਤੋਂ ਵਾਪਸ ਆਇਆ ਸੀ। ਗੁਰੂ ਸਾਹਿਬ ਨਾਲ ਹੋਈ ਇਸ ਜੰਗ ਵਿੱਚ ਜਿੱਤ ਦੀ ਕੋਈ ਤਸੱਲੀ ਨਾ ਮਿਲ ਸਕਣ ਕਾਰਨ ਉਸ ਦੇ ਸੁਭਾਅ ਵਿੱਚ ਇੱਕ ਗ਼ੈਰ-ਕੁਦਰਤੀ ਸਖ਼ਤੀ ਆ ਗਈ ਸੀ।

ਸਾਹਿਬਜ਼ਾਦੇ, ਸੂਬੇਦਾਰ ਦੀਆਂ ਧਮਕੀਆਂ ਤੋਂ ਬੇਪਰਵਾਹ ਤੇ ਅਡੋਲ ਰਹੇ। ਇਸ ਤਰ੍ਹਾਂ ਕੋਈ ਪੈਂਤੜਾ ਸੂਤ ਨਾ ਆਉਂਦਾ ਵੇਖ ਕੇ, ਸੂਬੇਦਾਰ ਨੇ ਕਾਜ਼ੀ ਨੂੰ ਸਾਹਿਬਜ਼ਾਦਿਆਂ ਦਾ 'ਕਸੂਰ' ਸਮਝਾਉਂਦਿਆਂ, ਉਨ੍ਹਾਂ ਵਿਰੁੱਧ ਤੁਰੰਤ ਸਜ਼ਾ ਦਾ ਫ਼ੈਸਲਾ ਦੇਣ ਲਈ ਕਿਹਾ। ਪਰ ਕਾਜ਼ੀ ਨੇ ਵਿਚਾਰ ਪ੍ਰਗਟ ਕੀਤਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਬਾਪ ਵੱਲੋਂ ਕੀਤੇ ਅਪਰਾਧ ਦੀ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਉਸ ਸਮੇਂ ਕਚਹਿਰੀ ਵਿੱਚ ਮਾਲੇਰਕੋਟਲਾ ਦਾ ਨਵਾਬ ਸ਼ੇਰ ਮੁਹੰਮਦ ਖ਼ਾਂ ਵੀ ਹਾਜ਼ਰ ਸੀ। ਦੀਵਾਨ ਸੁੱਚਾ ਨੰਦ (ਜੋ ਇੱਕ ਮੱਕਾਰ ਕਿਸਮ ਦਾ ਅਹਿਲਕਾਰ ਸੀ) ਦੇ ਇਸ਼ਾਰੇ 'ਤੇ ਸੂਬੇਦਾਰ ਵਜ਼ੀਰ ਖ਼ਾਂ ਨੇ ਨਵਾਬ ਮਾਲੇਰਕੋਟਲਾ ਨੂੰ ਚੇਤੇ ਕਰਵਾਇਆ ਕਿ ਉਸ ਦਾ ਭਰਾ ਨਾਹਰ ਖ਼ਾਂ, ਜੋ ਮੁਗ਼ਲ ਫ਼ੌਜ ਦਾ ਇੱਕ ਕਮਾਂਡਰ ਸੀ, ਗੁਰੂ ਗੋਬਿੰਦ ਸਿੰਘ ਹੱਥੋਂ ਲੜਾਈ ਵਿੱਚ ਮਾਰਿਆ ਗਿਆ ਸੀ। ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਉਸ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ, ਤਾਕਿ ਉਹ ਉਨ੍ਹਾਂ ਨੂੰ ਕਤਲ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ। ਪਰ ਨਵਾਬ ਸ਼ੇਰ ਮੁਹੰਮਦ ਖ਼ਾਂ ਇੱਕ ਨੇਕ ਦਿਲ ਇਨਸਾਨ ਸੀ। ਉਸ ਨੇ ਸੂਬੇਦਾਰ ਦੀ ਇਸ ਘਿਨਾਉਣੀ ਪੇਸ਼ਕਸ਼ ਨੂੰ ਠੁਕਰਾਉਂਦਿਆਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ **"ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ, ਮਹਿਫ਼ੂਜ਼ ਰਖੇ ਹਮ ਕੋ ਖ਼ੁਦਾ ਐਸੇ ਪਾਪ ਸੇ।"** (-ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ)। ਨਵਾਬ ਦਾ ਠੋਕਵਾਂ ਜਵਾਬ ਸੁਣ ਕੇ ਸੂਬੇਦਾਰ ਵਜ਼ੀਰ ਖ਼ਾਂ ਤੇ ਸੁੱਚਾ ਨੰਦ ਫਿੱਕੇ ਪੈ ਗਏ।

ਗੱਲ ਕਿਸੇ ਕੰਢੇ ਨਾ ਲਗਦੀ ਵੇਖ ਕੇ ਦੀਵਾਨ ਸੁੱਚਾ ਨੰਦ ਨੇ ਸੂਬੇਦਾਰ ਨੂੰ

ਇਹ ਗੱਲ ਜਤਾ ਦਿੱਤੀ ਕਿ ਬੱਚੇ ਬਾਗ਼ੀ ਹਨ। ਅਖੇ, ਜੇ ਇਨ੍ਹਾਂ ਨੂੰ ਛੱਡ ਦਿੱਤਾ ਗਿਆ ਤਾਂ ਇਹ ਜਵਾਨ ਹੋ ਕੇ ਆਪਣੇ ਬਾਪ ਦੀ ਤਰਾਂ ਬਗ਼ਾਵਤ ਦਾ ਝੰਡਾ ਖੜ੍ਹਾ ਕਰ ਦੇਣਗੇ। ਇਸ ਤਰਾਂ ਮੁਸਲਮ ਸ਼ਰ੍ਹਾ ਅਨੁਸਾਰ ( ? ) ਸ਼ਜਾ-ਏ-ਮੌਤ ਦੇਣ ਲਈ ਰਾਹ ਪਧਰਾ ਕਰ ਲਿਆ ਗਿਆ। ਕਾਜ਼ੀ ਨੂੰ ਖਰੀਦਣਾ ਕੋਈ ਔਖਾ ਕੰਮ ਨਹੀਂ ਸੀ, ਕਿਉਂਕਿ :

*ਖਾਣ ਵੱਢੀਆਂ ਨਿੱਤ ਈਮਾਨ ਵੇਚਣ,*
*ਇਹੋ ਬਾਣ ਹੈ ਕਾਜ਼ੀਆਂ ਸਾਰਿਆਂ ਨੂੰ। - ਵਾਰਿਸ ਸ਼ਾਹ*

ਸੋ, ਕਾਜ਼ੀ ਨੂੰ ਭਰੋਸੇ ਵਿੱਚ ਲੈਂਦਿਆਂ, ਆਖ਼ਿਰ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣ ਦੇਣ ਦਾ ਮੰਦਭਾਗਾ ਹੁਕਮ ਦੇ ਹੀ ਦਿੱਤਾ। ਨਵਾਬ ਮਾਲੇਰਕੋਟਲਾ ਨੇ ਇਸ ਫ਼ੈਸਲੇ 'ਤੇ ਅਸਹਿਮਤੀ ਪ੍ਰਗਟ ਕਰਦਿਆਂ ਇਸ ਨੂੰ ਰੱਦ ਕਰਨ ਦਾ ਸੁਝਾਅ ਦਿੱਤਾ। ਪਰ ਇਸ ਸੱਚ ਦੀ ਆਵਾਜ਼ ਨੂੰ ਅਣਸੁਣਿਆ ਕਰ ਦਿੱਤਾ ਗਿਆ। ਨਵਾਬ ਸਾਹਿਬ ਉਸੇ ਸਮੇਂ, ਰੋਸ ਵਜੋਂ, ਕਚਹਿਰੀ ਵਿੱਚੋਂ ਉੱਠ ਕੇ ਚਲੇ ਗਏ। ਉਨ੍ਹਾਂ ਦੇ ਇਸ ਰੋਸ ਦੇ ਪ੍ਰਗਟਾਵੇ ਨੂੰ ਸਿੱਖ ਸਮਾਜ ਬੜੀ ਸ਼ਰਧਾ ਨਾਲ '**ਹਾਅ ਦਾ ਨਾਅਰਾ**' ਨਾਂ ਨਾਲ ਯਾਦ ਕਰਦਾ ਹੈ। ਸਿੱਖ ਬੱਚਾ ਜਿੱਥੇ ਹੋਸ਼ ਸੰਭਾਲਦੇ ਹੀ ਸਰਹਿੰਦ ਦਾ ਸਾਕਾ ਕੰਠ ਕਰ ਲੈਂਦਾ ਹੈ, ਉੱਥੇ ਹਾਅ ਦੇ ਨਾਅਰੇ ਦੀ ਦਾਸਤਾਨ ਵੀ ਉਸ ਦੇ ਨਰਮ ਮਨ 'ਤੇ ਡੂੰਘੀ ਉੱਕਰ ਜਾਂਦੀ ਹੈ। ਸੂਬੇਦਾਰ ਵਜ਼ੀਰ ਖ਼ਾਂ ਦੇ ਹੁਕਮ ਦੀ ਤਾਮੀਲ ਕਰਦਿਆਂ, ਉਸੇ ਵੇਲੇ ਦੀਵਾਰ ਦੀ ਉਸਾਰੀ ਲਈ ਸਮੱਗਰੀ ਮੰਗਵਾ ਲਈ ਗਈ -

*ਈਂਟੇ ਮੰਗਵਾਈਂ ਚੂਨਾ ਭੀ ਫ਼ੌਰਨ ਬਹਮ ਕਿਯਾ,*
*ਯਾਰਾ ਨਹੀਂ ਬਿਆਨ ਕਾ ਫ਼ਿਰ ਜੋ ਸਿਤਮ ਕਿਯਾ। -ਅੱਲ੍ਹਾ ਯਾਰ ਖ਼ਾਂ ਜੋਗੀ।*

ਅੰਤ ਵਿਚ ਕੁਲਹਿਣੀ ਘੜੀ ਆਣ ਪਹੁੰਚੀ, ਜਿਸ ਬਾਰੇ ਕਿਹਾ ਜਾ ਸਕਦਾ ਹੈ ਕਿ:

*ਲਮਹੋਂ ਨੇ ਖ਼ਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।*

ਮਾਸੂਮ ਜਿੰਦਾਂ ਨੂੰ ਕੰਧ ਵਿੱਚ ਚਿਣਵਾਇਆ ਜਾਣ ਲੱਗਾ। **"ਜਿਉਂ-ਜਿਉਂ ਰਦੇ 'ਤੇ ਰਦਾ ਚੜ੍ਹਦਾ ਜਾਂਦਾ, ਉਨ੍ਹਾਂ ਨੂੰ ਮੁੜ-ਮੁੜ ਇਸਲਾਮ ਕਬੂਲ ਕਰਨ ਲਈ ਕਿਹਾ ਜਾਂਦਾ, ਪਰ ਉਨ੍ਹਾਂ ਦਾ ਉਹੋ ਹੀ ਇੱਕੋ ਨੰਨਾ।"** -(ਡਾ. ਗੰਡਾ ਸਿੰਘ)। ਜਦੋਂ ਕੰਧ ਛਾਤੀ ਤੱਕ ਅੱਪੜ ਗਈ ਤਾਂ ਆਰਜ਼ੀ ਢਾਂਚਾ ਧੜੱਮ ਡਿੱਗ ਪਿਆ ਅਤੇ ਸਾਹਿਬਜ਼ਾਦਿਆਂ ਨੂੰ ਇੱਟਾਂ ਵਿੱਚੋਂ ਬੇਹੋਸ਼ੀ ਦੀ ਹਾਲਤ ਵਿੱਚ ਬਾਹਰ ਕੱਢਿਆ ਗਿਆ। ਇਸ ਤੱਥ ਦਾ ਜ਼ਿਕਰ ਪ੍ਰੋ. ਹਰਬੰਸ ਸਿੰਘ ਆਪਣੀ ਪੁਸਤਕ 'ਗੁਰੂ ਗੋਬਿੰਦ ਸਿੰਘ' ਦੇ ਪੰਨਾ 121 ਉੱਤੇ ਇਉਂ ਕਰਦਾ ਹੈ : "The temporary structure tumbled down, and they (Sahibzadas) were taken out of the bricks unconscious." ਇਸੇ ਬੇਹੋਸ਼ੀ ਦੀ ਹਾਲਤ ਵਿੱਚ ਉਨ੍ਹਾਂ ਨੂੰ ਵਾਪਸ

ਠੰਢੇ ਬੁਰਜ ਵਿੱਚ ਪਹੁੰਚਾ ਦਿੱਤਾ ਗਿਆ, ਜਿੱਥੇ ਕੁਝ ਸਮੇਂ ਬਾਅਦ ਉਹ ਹੋਸ਼ ਵਿੱਚ ਆ ਗਏ।
ਰਵਾਇਤੀ ਧਾਰਨਾ ਇਹ ਚਲੀ ਆ ਰਹੀ ਹੈ ਕਿ ਸਾਹਿਬਜ਼ਾਦਿਆਂ ਨੂੰ ਅਗਲੀ ਸਵੇਰ, ਯਾਨੀ 26 ਦਸੰਬਰ ਨੂੰ ਮੁੜ ਕਚਹਿਰੀ ਵਿੱਚ ਪੇਸ਼ ਕੀਤਾ ਗਿਆ ਸੀ, ਪਰ ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਨੂੰ ਤੀਸਰੀ ਵੇਰ 27 ਦਸੰਬਰ ਨੂੰ ਪੇਸ਼ ਕੀਤਾ ਗਿਆ ਸੀ। ਸੋ, 26 ਦਸੰਬਰ ਨੂੰ ਚੁੱਪ ਵਰਤੀ ਰਹੀ, ਯਾਨੀ ਉਸ ਦਿਨ ਦਰਬਾਰੇ ਕੋਈ ਪੇਸ਼ੀ ਨਹੀਂ ਹੋਈ

## ਤੀਸਰੀ ਪੇਸ਼ੀ

27 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਤੀਸਰੀ ਤੇ ਆਖ਼ਰੀ ਵਾਰ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਇਸ ਵੇਰ ਵੀ ਇਸਲਾਮ ਕਬੂਲ ਕਰਨ ਦੀ ਉਹੋ ਰਟ ਦੁਹਰਾਈ ਗਈ। ਪਰ ਸਾਹਿਬਜ਼ਾਦੇ ਪਹਿਲਾਂ ਵਾਂਗੂੰ ਹੀ ਅਡੋਲ ਅਤੇ ਆਪਣੇ ਵਚਨਾਂ 'ਤੇ ਕਾਇਮ ਰਹੇ। ਅੱਜ ਬਾਬਾ ਜ਼ੋਰਾਵਰ ਸਿੰਘ ਨੇ ਕੁਝ ਖੁੱਲ੍ਹ ਕੇ ਗੱਲ ਕੀਤੀ, ਜਿਸ ਨੂੰ ਸੁਣ ਕੇ ਸੂਬੇਦਾਰ ਤੈਸ਼ ਵਿੱਚ ਆ ਗਿਆ। ਉੱਧਰ, ਸੁੱਚਾ ਨੰਦ ਦੇ ਇਨ੍ਹਾਂ ਬੋਲਾਂ- **"ਹਜ਼ੂਰ! ਮੈਂ ਪਹਿਲਾਂ ਵੀ ਤੁਹਾਨੂੰ ਆਖਿਆ ਸੀ ਕਿ ਸੱਪ ਨੂੰ ਮਾਰਨਾ ਤੇ ਉਸ ਦੇ ਬੱਚਿਆਂ ਦੀ ਰਾਖੀ ਕਰਨਾ ਅਕਲਮੰਦਾਂ ਦਾ ਕੰਮ ਨਹੀਂ, ਕਿਉਂਕਿ ਬਘਿਆੜਾਂ ਦੇ ਬੱਚੇ ਆਖ਼ਰ ਬਘਿਆੜ ਹੁੰਦੇ ਹਨ।"**- ਨੇ ਬਲਦੀ ਉੱਤੇ ਤੇਲ ਪਾ ਕੇ ਭਾਂਬੜ ਮਚਾ ਦਿੱਤਾ। ਅੰਤ, ਸੂਬੇਦਾਰ ਨੇ ਆਪਣੀ ਹਾਰ ਕਬੂਲ ਕਰਦਿਆਂ, ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਨ ਦਾ ਮੰਦਭਾਗੀ ਫ਼ੈਸਲਾ ਆਖ਼ਰ ਦੇ ਹੀ ਦਿੱਤਾ। ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਜੱਲਾਦਾਂ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਅਤਿ ਬੇਰਹਿਮੀ ਨਾਲ ਤਲਵਾਰ ਨਾਲ ਜ਼ਿਬਾਹ ਕਰ ਦਿੱਤਾ।

ਇਹ ਇੱਕ ਨਿਰਵਿਵਾਦ ਤੱਥ ਹੈ ਕਿ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ ਗਏ ਸਨ, ਪਰ ਕਿਵੇਂ ਨਾ ਕਿਵੇਂ ਇਹ ਗੱਲ ਪ੍ਰਚਲਤ ਹੋ ਗਈ ਕਿ ਸਾਹਿਬਜ਼ਾਦਿਆਂ ਨੇ ਦੀਵਾਰ ਵਿੱਚ ਹੀ ਸੁਆਸ ਤਿਆਗ ਦਿੱਤੇ ਸਨ। ਇਸ ਗੱਲ ਦਾ ਪਹਿਲੀ ਵੇਰ ਜ਼ਿਕਰ ਪਟਿਆਲਾ ਨਿਵਾਸੀ ਵੀਰ ਸਿੰਘ ਨੇ 1827 ਈ. ਵਿੱਚ ਆਪਣੀ ਪੁਸਤਕ-'ਸਿੰਘ ਸਾਗਰ' ਵਿੱਚ ਕੀਤਾ ਸੀ। ਪਰ ਤੁਸੀਂ ਵੇਖੋਗੇ ਕਿ ਇਸ ਤੋਂ ਪਹਿਲਾਂ ਦੀਆਂ ਸੁੱਖਾ ਸਿੰਘ (1797 ਈ.), ਕੇਸਰ ਸਿੰਘ (1780 ਈ.), ਰਤਨ ਸਿੰਘ (1809 ਈ.) ਆਦਿ ਦੀਆਂ ਰਚਨਾਵਾਂ ਵਿੱਚ ਸਾਹਿਬਜ਼ਾਦਿਆਂ ਨੂੰ ਜੱਲਾਦਾਂ ਵੱਲੋਂ ਤੇਜ਼ ਕਟਾਰ, ਛੁਰੀ, ਖੰਡੇ ਜਾਂ ਤਲਵਾਰ ਆਦਿ ਨਾਲ ਜ਼ਿਬਾਹ ਕਰਨਾ ਹੀ ਲਿਖਿਆ ਹੈ। ਇਸ ਸਬੰਧ ਵਿੱਚ ਹੋਰ ਅਨੇਕਾਂ ਭਰੋਸੇਯੋਗ ਹਵਾਲੇ ਉਪਲਬਧ ਹਨ, ਜਿਨ੍ਹਾਂ ਵਿੱਚੋਂ ਕੁਝ ਇੱਕ ਪੇਸ਼ ਹਨ :

ਸਿੱਖ ਪੰਥ ਦਾ ਮਹਾਨ ਵਿਦਵਾਨ ਭਾਈ ਰਤਨ ਸਿੰਘ ਭੰਗੂ, 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਲਿਖਦਾ ਹੈ :

*ਦੈ ਗੋਡੇ ਹੇਠ, ਕਰ ਜ਼ਿਬਾਹ ਡਾਰੋ॥*
*ਤੜਫ ਤੜਫ ਗਈ ਜਿੰਦ ਉਡਾਇ॥*
*ਇਸ ਸ਼ੀਰ-ਖੋਰ ਦੁਇ ਦਏ ਕਤਲਾਇ॥*

ਸਪਸ਼ਟ ਹੈ, ਜੱਲਾਦਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਗੋਡਿਆਂ ਹੇਠ ਲੈ ਕੇ ਛੁਰੀਆਂ ਨਾਲ ਬੱਕਰੇ ਵਾਂਗ ਕੋਹਿਆ। (ਜ਼ਿਬਾਹ, ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਛੁਰੀ ਨਾਲ ਹਲਾਲ ਕਰਨਾ।) ਇਵੇਂ ਹੀ ਭਾਈ ਸੁੱਖਾ ਸਿੰਘ, ਆਪਣੇ ਗ੍ਰੰਥ 'ਗੁਰਬਿਲਾਸ' (1797) ਵਿੱਚ ਲਿਖਦਾ ਹੈ ਕਿ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ ਗਏ ਸਨ। ਸਬੰਧਿਤ ਸਤਰਾਂ ਪੇਸ਼ ਹਨ :

*ਦੋਊ ਸਿਸਨ ਕੇ ਸੀਸ ਉਤਾਰੀ,*
*ਦਏ ਕਾਟ ਉਨ ਅਧਮ ਗਵਾਰੀ॥*

ਸਿੱਖ ਇਤਿਹਾਸ ਦੇ ਪੁਰਾਣੇ ਗ੍ਰੰਥ, ਜੋ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਨ ਦੇ ਤੱਥ ਦੀ ਪੁਸ਼ਟੀ ਕਰਦੇ ਹਨ, ਉਨ੍ਹਾਂ ਵਿੱਚ 'ਸ੍ਰੀ ਗੁਰ ਸੋਭਾ' (ਸੈਣਾ ਸਿੰਘ), 'ਬੰਸਾਵਲੀਨਾਮਾ' (ਕੇਸਰ ਸਿੰਘ ਛਿੱਬਰ), 'ਸ੍ਰੀ ਗੁਰ ਮਹਿਮਾ ਪ੍ਰਕਾਸ਼' (ਬਾਵਾ ਸਰੂਪ ਸਿੰਘ) ਅਤੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (ਭਾਈ ਸੰਤੋਖ ਸਿੰਘ) ਮੁੱਖ ਤੌਰ 'ਤੇ ਸ਼ਾਮਲ ਹਨ। ਮੌਜੂਦਾ ਦੌਰ ਦੇ ਇਤਿਹਾਸਕਾਰਾਂ ਤੇ ਖੋਜੀਆਂ ਦਾ ਵੀ ਇਹੋ ਮੱਤ ਹੈ ਕਿ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ ਗਏ ਸਨ। ਪ੍ਰੋ. ਹਰਬੰਸ ਸਿੰਘ ਆਪਣੀ ਪੁਸਤਕ 'ਗੁਰੂ ਗੋਬਿੰਦ ਸਿੰਘ', ਗੁਰੂ ਗੋਬਿੰਦ ਸਿੰਘ ਫ਼ਾਊਡੇਸ਼ਨ, ਚੰਡੀਗੜ੍ਹ, 1966, ਪੰਨਾ 121-22 ਉੱਤੇ ਲਿਖਦਾ ਹੈ ਕਿ **"ਜੱਲਾਦ ਨੇ, ਉਮਰ ਦੇ ਲਿਹਾਜ਼ ਨਾਲ, ਵਾਰੀ-ਵਾਰੀ ਸਾਹਿਬਜ਼ਾਦਿਆਂ ਨੂੰ ਕਤਲ ਕਰ ਦਿੱਤਾ"**। ਪ੍ਰੋ. ਹਰਬੰਸ ਸਿੰਘ ਦੇ ਸ਼ਬਦਾਂ ਵਿੱਚ : They (Sahibzadas) were slain in the order of their ages by the sword of a Ghilzai executioner." 20ਵੀਂ ਸਦੀ ਦਾ ਪ੍ਰਸਿੱਧ ਇਤਿਹਾਸਕਾਰ ਤੇ ਖੋਜੀ ਡਾ. ਗੰਡਾ ਸਿੰਘ ਲਿਖਦਾ ਹੈ ਕਿ **"ਜੱਲਾਦਾਂ ਨੇ ਮਾਸੂਮ ਬੱਚਿਆਂ ਸਾਹਿਬ ਜ਼ੋਰਾਵਰ ਸਿੰਘ ਤੇ ਸਾਹਿਬ ਫ਼ਤਹਿ ਸਿੰਘ ਨੂੰ ਅਤਿ ਬੇਰਹਿਮੀ ਨਾਲ ਜ਼ਿਬਾਹ ਕਰ ਦਿੱਤਾ।"**

ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਕਿਸੇ ਤੇਜ਼ ਧਾਰ ਹਥਿਆਰ ਨਾਲ ਸਾਹਿਬਜ਼ਾਦਿਆਂ ਦੇ ਸੀਸ ਕੱਟੇ ਗਏ ਅਤੇ ਇਸ ਧਾਰਨਾ ਵਿੱਚ ਕੋਈ ਸੱਚਾਈ ਨਜ਼ਰ ਨਹੀਂ ਆਉਂਦੀ ਕਿ ਸਾਹਿਬਜ਼ਾਦੇ, ਦੀਵਾਰ ਵਿੱਚ ਚਿਣੇ ਜਾਣ ਦੇ ਸਿੱਟੇ ਵਜੋਂ ਦਮ ਘੁਟਣ ਕਾਰਨ ਸ਼ਹੀਦ ਹੋਏ।

ਇਤਫ਼ਾਕਵੱਸ, **"ਗੁਰੂ ਗੋਬਿੰਦ ਸਿੰਘ ਜੀ ਉਦੋਂ ਆਲਮਗੀਰ ਹੀ ਹੋਣਗੇ, ਜਦੋਂ**

ਉਨ੍ਹਾਂ ਦੇ ਛੋਟੇ ਸਾਹਿਬਜ਼ਾਦਿਆਂ ਨੇ ਮੁਗ਼ਲ-ਪਠਾਨਾਂ ਦੇ ਘੁੱਗ ਵਸਦੇ ਸ਼ਹਿਰ ਸਰਹਿੰਦ ਵਿੱਚ ਸ਼ਹੀਦੀਆਂ ਪਾਈਆਂ।'' -ਹਰਿੰਦਰ ਸਿੰਘ ਮਹਿਬੂਬ।

ਇਹ ਖ਼ੂਨੀ ਸਾਕਾ, 13 ਪੋਹ, 1761 ਬਿ. ਮੁਤਾਬਕ 27 ਦਸੰਬਰ, 1704 ਈ. ਨੂੰ ਵਾਪਰਿਆ। ਪਰ ਕੁਝ ਪੁਰਾਤਨ ਲਿਖਤਾਂ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਮਿਤੀ 3 ਪੋਹ, 1762 ਬਿ. ਦਰਜ ਹੈ। ਮਿਸਾਲ ਵਜੋਂ, ਗੁਲਾਬ ਸਿੰਘ 'ਗੁਰਪ੍ਰਣਾਲੀ' ਵਿੱਚ ਲਿਖਦਾ ਹੈ :

*ਸਤਾਰਾਂ ਸੈ ਬਾਹਠ ਪੋਹ ਤੀਜੀ ਵਾਰ ਮੰਗਲ ਥੋ,*
*ਸਵਾ ਪਹਰ ਦਿਨ ਚੜ੍ਹੇ ਕਾਮ ਐਸਾ ਭਯੋ ਹੈ।*

ਦੁੱਨਾ ਸਿੰਘ ਹੰਡੂਰੀਏ ਨੇ ਵੀ ਸ਼ਹਾਦਤ ਦੀ ਮਿਤੀ 3 ਪੋਹ, 1762 ਬਿ. ਹੀ ਲਿਖੀ ਹੈ। ਧਿਆਨ ਯੋਗ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਭ ਤੋਂ ਪੁਰਾਣਾ ਵਰਨਣ ਭਾਈ ਦੁੱਨਾ ਸਿੰਘ ਹੰਡੂਰੀਏ ਰਚਿਤ ਗ੍ਰੰਥ -'ਕਥਾ ਗੁਰੂ ਜੀ ਕੇ ਸੁਤਨ ਕੀ' ਵਿੱਚ ਮਿਲਦਾ ਹੈ। ਖ਼ੈਰ! ਮਿਤੀ ਭਾਵੇਂ ਕੋਈ ਵੀ ਹੋਵੇ, ਗੱਲ ਤਾਂ ਦੇਸ਼ ਤੇ ਕੌਮ ਦੀ ਆਨ ਤੇ ਸ਼ਾਨ ਬਦਲੇ ਸ਼ਹੀਦੀ ਜਾਮ ਪੀਣ ਦੀ ਹੈ। ਵੈਸੇ, ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਹਰ ਸਾਲ 'ਸਾਲਾਨਾ ਸ਼ਹੀਦੀ ਜੋੜ ਮੇਲਾ ਫ਼ਤਹਿਗੜ੍ਹ ਸਾਹਿਬ' ਦੇ ਰੂਪ ਵਿੱਚ 11, 12 ਤੇ 13 ਪੋਹ ਨੂੰ ਮਨਾਇਆ ਜਾਂਦਾ ਹੈ।

ਦੀਵਾਨ ਟੋਡਰ ਮੱਲ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਸੋਗਮਈ ਖ਼ਬਰ ਮਾਤਾ ਗੁਜਰੀ ਤੱਕ ਪਹੁੰਚਾਈ। ਮਾਤਾ ਜੀ ਬਿਰਧ ਅਵਸਥਾ ਕਾਰਨ ਇਹ ਸਦਮਾ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਅਤੇ ਮੁੜ ਹੋਸ਼ ਵਿੱਚ ਨਾ ਆਏ। ਇਹ ਧਾਰਨਾ ਉੱਕਾ ਹੀ ਬੇਬੁਨਿਆਦ ਹੈ ਕਿ ਮਾਤਾ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਬੁਰਜ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਸੀ।

ਦੀਵਾਨ ਟੋਡਰ ਮੱਲ, ਜੋ ਇਕ ਨੇਕ ਇਨਸਾਨ ਸੀ ਅਤੇ ਸਰਕਾਰੇ-ਦਰਬਾਰੇ ਵੀ ਅਸਰ-ਰਸੂਖ ਰੱਖਦਾ ਸੀ, ਨੇ ਇਨ੍ਹਾਂ ਤਿੰਨਾਂ ਸ਼ਹੀਦਾਂ ਦੀਆਂ ਦੇਹਾਂ ਦਾ ਅੰਤਮ ਸਸਕਾਰ ਕਰਨ ਦਾ ਪ੍ਰਬੰਧ ਕੀਤਾ। ਸਿਤਮ ਦੀ ਗੱਲ ਹੈ ਕਿ ਸਸਕਾਰ ਲਈ ਜ਼ਮੀਨ ਦੇ ਇੱਕ ਛੋਟੇ ਜਿਹੇ ਟੁਕੜੇ ਲਈ ਵੀ ਟੋਡਰ ਮੱਲ ਨੂੰ ਭਾਰੀ ਕੀਮਤ ਤਾਰਨੀ ਪਈ ਸੀ। ਸੰਬੰਧਿਤ ਜ਼ਮੀਨ ਦੇ ਟੁਕੜੇ 'ਤੇ ਦੀਵਾਨ ਟੋਡਰ ਮੱਲ ਨੇ ਅਸ਼ਰਫ਼ੀਆਂ ਵਿਛਾ ਕੇ ਮੁੱਲ ਤਾਰਿਆ ਸੀ। ਇਸੇ ਕਾਰਨ ਸਿੱਖ ਜਗਤ ਵਿੱਚ ਸੇਠ ਟੋਡਰ ਮੱਲ ਨੂੰ ਬੜੀ ਸ਼ਰਧਾ ਭਾਵਨਾ ਨਾਲ ਯਾਦ ਕੀਤਾ ਜਾਂਦਾ ਹੈ।

ਅੰਤ ਵਿੱਚ, ਸਾਹਿਬਜ਼ਾਦਿਆਂ ਨੇ ਜਿਸ ਸ਼ਾਨ ਨਾਲ 'ਸੀਸ ਦੀਆ ਪਰ ਸਿਰਰ ਨਾ ਦੀਆ', ਉਹ ਆਪਣੀ ਮਿਸਾਲ ਆਪ ਹੈ। ਸਚਮੁੱਚ ਹੀ :

*ਯਹ ਜਾਂ ਤੋ ਆਨੀ ਜਾਨੀ ਹੈ,*
*ਇਸ ਜਾਂ ਕੀ ਤੋ ਕੋਈ ਬਾਤ ਨਹੀਂ।*

*ਜਿਸ ਧਜ ਸੇ ਕੋਈ ਮਕਤਲ ਮੇਂ ਗਯਾ,*
*ਵੁਹ ਸ਼ਾਨ ਸਲਾਮਤ ਰਹਤੀ ਹੈ।* *(ਫ਼ੈਜ਼ ਅਹਿਮਦ ਫ਼ੈਜ਼)*

## ਨਵੇਂ ਇਤਿਹਾਸ ਦੀ ਸਿਰਜਣਾ ਦਾ ਆਰੰਭ (ਇੱਕ ਖੋਜਮਈ ਇਤਿਹਾਸਕ ਅਧਿਐਨ):

ਸਾਕਾ ਸਰਹਿੰਦ, ਮੁਗ਼ਲ ਹਕੂਮਤ ਵੱਲੋਂ ਤਾਕਤ ਦੇ ਨਸ਼ੇ ਵਿੱਚ ਕੀਤੀ ਇੱਕ ਅਜਿਹੀ ਗ਼ਲਤੀ (ਦੁਸ਼ਟਤਾ) ਸੀ, ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਮਿਲਣੀ ਔਖੀ ਹੈ। ਪ੍ਰਸਿੱਧ ਇਤਿਹਾਸਕਾਰ ਜੇਮਜ਼ ਬ੍ਰਾਊਨ ਲਿਖਦਾ ਹੈ ਕਿ "**ਨਵੇਂ ਧਾਰਮਿਕ ਅਸੂਲਾਂ ਦਾ ਪ੍ਰਚਾਰ ਕਰਨ ਵਾਲਿਆਂ ਉੱਤੇ ਢਾਹੇ ਜ਼ੁਲਮਾਂ ਦੀਆਂ ਸਾਰੀਆਂ ਮਿਸਾਲਾਂ ਵਿੱਚੋਂ ਇਹ (ਸਾਕਾ ਸਰਹਿੰਦ) ਸਭ ਤੋਂ ਜ਼ਿਆਦਾ ਕਠੋਰ ਉਪੱਦਰ ਅਤੇ ਨਿਰਦਈ ਅੱਤਿਆਚਾਰ ਹੈ। ਨਿਰਬਲ ਤੇ ਨਿਹੱਥੀਆਂ ਇਸਤਰੀਆਂ ਅਤੇ ਬੱਚੇ ਆਮ ਤੌਰ 'ਤੇ ਧਾਰਮਿਕ ਕ੍ਰੋਧ ਤੋਂ ਬਚੇ ਰਹਿੰਦੇ ਹਨ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਜੇਕਰ ਇਸ ਘਟਨਾ ਪ੍ਰਤਿ ਸਿੱਖਾਂ ਦਾ ਗੁੱਸਾ ਵੀ ਇਤਨਾ ਹੀ ਸਖ਼ਤ ਸੀ।**" ਸਿੱਖਾਂ ਦੇ ਗੁੱਸੇ ਦਾ ਜ਼ਿਕਰ ਆਇਆ ਹੈ। ਇਹ ਅਤਿ-ਕਥਨੀ ਨਹੀਂ ਹੋਵੇਗੀ ਕਿ ਤਿੰਨ ਸਦੀਆਂ ਲੰਘ ਜਾਣ ਉਪਰੰਤ ਵੀ ਇਸ ਘਟਨਾ ਪ੍ਰਤਿ ਸਿੱਖਾਂ ਦਾ ਗੁੱਸਾ ਹਾਲੇ ਮੱਠਾ ਨਹੀਂ ਪਿਆ। ਦਰਅਸਲ (ਮਨੋਵਿਗਿਆਨਕ ਨਜ਼ਰੀਏ ਤੋਂ ਵੇਖਿਆਂ), ਇਸ ਘਟਨਾ ਪ੍ਰਤਿ ਗੁੱਸੇ ਤੇ ਨਫ਼ਰਤ ਦੀ ਭਾਵਨਾ ਹਰ ਸਿੱਖ ਨੂੰ ਪੀੜ੍ਹੀ-ਦਰ-ਪੀੜ੍ਹੀ ਵਿਰਾਸਤ ਵਿੱਚ ਮਿਲਦੀ ਹੈ ਅਤੇ ਗੁੱਸੇ ਦੀ ਇਹ ਲਾਟ ਜੀਵਨ ਭਰ ਉਸ ਦੇ ਸੀਨੇ ਵਿੱਚ ਬਲਦੀ ਰਹਿੰਦੀ ਹੈ। 'ਹੱਥ ਕੰਗਣ ਨੂੰ ਆਰਸੀ ਕੀ!' ਸਿੱਖਾਂ ਦੇ ਸਖ਼ਤ ਗੁੱਸੇ ਅਤੇ ਜ਼ਖ਼ਮੀ ਮਾਨਸਿਕਤਾ ਦਾ ਜ਼ਿਕਰ ਕਰਦਿਆਂ, ਇੱਕ ਮੁਸਲਮਾਨ ਲਿਖਾਰੀ ਅਤਾਉੱਲਾ ਖ਼ਾਂ ਬੁਖਾਰੀ ਲਿਖਦਾ ਹੈ ਕਿ ਜੇਕਰ ਸਿੱਖਾਂ ਨੂੰ ਦੋ ਸਾਹਿਬਜ਼ਾਦਿਆਂ ਬਦਲੇ ਮੁਸਲਮਾਨ 200 ਬੱਚੇ ਭੇਂਟ ਕਰ ਦੇਣ ਅਤੇ ਸਿੱਖ ਉਨ੍ਹਾਂ ਨੂੰ ਕਤਲ ਵੀ ਕਰ ਲੈਣ, ਫਿਰ ਵੀ ਕਹਿਣਗੇ, ਹਾਏ! ਸਾਡੇ ਦੋ ਸਾਹਿਬਜ਼ਾਦੇ!!

ਇਤਿਹਾਸ ਗਵਾਹ ਹੈ ਕਿ ਇਸ ਘਟਨਾ ਪ੍ਰਤਿ ਗੁੱਸੇ ਤੇ ਨਫ਼ਰਤ ਦੀ ਭਾਵਨਾ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ। ਸਭ ਤੋਂ ਵਧ ਕੇ, ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ। ਦਰਅਸਲ, ਸਾਕਾ ਸਰਹਿੰਦ ਤੋਂ ਬਾਅਦ ਸਿੱਖ ਮਾਨਸਿਕਤਾ ਵਿੱਚ ਅਜਿਹਾ ਪਰਿਵਰਤਨ ਆਇਆ, ਜਿਸ ਨਾਲ ਸਮੁੱਚੀ ਕੌਮ ਦੀ ਸੋਚ ਹੀ ਬਦਲ ਗਈ; ਸਾਰੀ ਕੌਮ ਵਿੱਚ ਇੱਕ ਨਵੀਂ ਰੂਹ ਫੂਕੀ ਗਈ। ਇਸ ਦੇ ਨਾਲ ਹੀ ਇਤਿਹਾਸ ਦਾ ਇੱਕ ਨਵਾਂ ਦੌਰ ਸ਼ੁਰੂ ਹੋ ਜਾਂਦਾ ਹੈ ਅਤੇ ਸਰਹਿੰਦ ਦੀ ਖ਼ੂਨੀ ਦੀਵਾਰ ਸਿੱਖ ਰਾਜ ਦਾ ਨੀਂਹ-ਪੱਥਰ ਹੋ ਨਿੱਬੜਦੀ ਹੈ। ਅੱਲ੍ਹਾ ਯਾਰ ਖ਼ਾਂ ਜੋਗੀ ਨੇ ਕਿੰਨੀ ਵਧੀਆ ਗੱਲ ਕਹੀ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ, ਸਿੱਖ ਸਲਤਨਤ ਦਾ ਪੌਦਾ ਲਗਾਉਣ ਦੇ ਤੁਲ ਹੈ - "**ਗੁਰਿਆਈ ਕਾ ਹੈਂ ਕਿੱਸਾ ਜਹਾਂ ਮੇਂ ਬਨਾ ਚਲੇ। ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ**

ਲਗਾ ਚਲੇ।'' ਦੂਜੇ ਸ਼ਬਦਾਂ ਵਿੱਚ, ਸਾਕਾ ਸਰਹਿੰਦ ਤੋਂ ਬਾਅਦ ਸਿੱਖ ਕੌਮ ਤਾਜੋ-ਤਖ਼ਤ ਦੀ ਪ੍ਰਾਪਤੀ ਵੱਲ ਵਧਣ ਲੱਗੀ। ਬਕੌਲ ਸ਼ਾਇਰ :

*ਗੱਦੀ ਸੇ ਤਾਜੋ-ਤਖ਼ਤ ਬਸ ਅਬ ਕੌਮ ਪਾਏਗੀ।*

*ਦੁਨੀਆ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ।*

ਸਰਹਿੰਦ ਦੀ 'ਖ਼ੂਨੀ ਦੀਵਾਰ' ਕਿਵੇਂ ਸਿੱਖ ਰਾਜ ਦੇ ਨੀਂਹ-ਪੱਥਰ ਦਾ ਰੂਪ ਧਾਰਨ ਕਰਦੀ ਹੈ? ਇਹ ਇੱਕ ਇਤਿਹਾਸਕ ਸੱਚਾਈ ਹੈ ਕਿ ਸਾਕਾ ਸਰਹਿੰਦ ਨੇ ਸਿੱਖਾਂ ਲਈ ਜਿੱਤ ਦੇ ਦਰਵਾਜ਼ੇ ਖੋਲ੍ਹ ਦਿੱਤੇ। ਅੱਲ੍ਹਾ ਯਾਰ ਖ਼ਾਂ ਜੋਗੀ ਦੇ ਇਹ ਬੋਲ - ***''ਜੋਗੀ ਜੀ ਕਹੋ ਪੰਥ ਸੇ ਅਬ ਫ਼ਤਹਿ ਪੁਕਾਰੇ''***- ਵੀ ਇਸੇ ਇਤਿਹਾਸਕ ਸਚਾਈ ਵੱਲ ਸੰਕੇਤ ਕਰਦੇ ਹਨ। ਗੱਲ ਕੀ, ਇਤਿਹਾਸ ਹੁਣ ਕਿਸੇ ਹੱਦ ਤੱਕ ਸਿੱਖਾਂ ਦੇ ਹੱਥਾਂ ਵਿੱਚ ਪਾਲਤੂ ਬਣ ਗਿਆ ਅਤੇ ਸਿੱਖ ਆਪਣੀ ਮਰਜ਼ੀ ਅਨੁਸਾਰ ਇਤਿਹਾਸ ਦੀ ਸਿਰਜਣਾ ਕਰਨ ਲੱਗੇ। ਦਰਅਸਲ, ਮੁਗ਼ਲਾਂ ਨੇ ਸਿੱਖਾਂ ਦੇ ਹੱਥ ਵਿੱਚ ਸਾਕਾ ਸਰਹਿੰਦ ਰੂਪੀ ਇਕ ਅਜਿਹਾ ਕਾਰਗਰ ਹਥਿਆਰ ਫੜਾ ਦਿੱਤਾ, ਜਿਸ ਨਾਲ ਉਹ ਮੁਗ਼ਲਾਂ ਨੂੰ ਕੁੱਟਦੇ ਹੀ ਚਲੇ ਗਏ, ਜਦੋਂ ਤੱਕ ਆਪ ਪੰਜਾਬ ਦੇ ਮਾਲਕ ਨਹੀਂ ਬਣ ਗਏ। ਦੂਜਾ, ਇਸ ਘਟਨਾ ਨੇ ਸਿੱਖਾਂ ਨੂੰ ਅਣਮਨੁੱਖੀ ਅਤੇ ਘਿਨਾਉਣੀਆਂ ਹਰਕਤਾਂ ਵਿਰੁੱਧ ਆਵਾਜ਼ ਬੁਲੰਦ ਕਰਨ ਅਤੇ ਲੰਬੀ ਲੜਾਈ ਲੜਨ ਦੀ ਜਾਚ ਸਿਖਾਈ। ਤੀਜਾ, ਸਾਕਾ ਸਰਹਿੰਦ ਨੇ ਸਿੱਖਾਂ ਨੂੰ ਸ੍ਵੈ-ਅਭਿਮਾਨ, ਮੜਕ ਅਤੇ ਖ਼ੁੱਦਦਾਰੀ ਦਾ ਸਬਕ ਕੰਠ ਕਰਵਾਇਆ।

ਬੇਸ਼ੱਕ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਅਡੋਲ ਰਹੇ, ਪਰ ਉਨ੍ਹਾਂ ਨੇ ਦੋਸ਼ੀ (ਸੂਬੇਦਾਰ ਵਜ਼ੀਰ ਖ਼ਾਂ) ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਦਾ ਨਿਸ਼ਚਾ ਕਰ ਲਿਆ ਸੀ। ਇਸ ਕਾਰਜ ਲਈ ਉਨ੍ਹਾਂ ਨੇ ਸਿੱਖਾਂ ਨੂੰ ਮਾਨਸਿਕ ਤੇ ਜਥੇਬੰਦਕ ਤੌਰ 'ਤੇ ਤਿਆਰ ਕੀਤਾ। ਉੱਧਰ, ਸੂਬੇਦਾਰ ਵਜ਼ੀਰ ਖ਼ਾਂ ਅਤੇ ਹੋਰ ਪੰਥ ਦੋਖੀ ਖ਼ਾਲਸੇ ਦੀਆਂ ਅੱਖਾਂ ਵਿੱਚ ਰੜਕ ਰਹੇ ਸਨ। ਸਾਕਾ ਸਰਹਿੰਦ ਤੋਂ ਲਗਪਗ 4 ਸਾਲਾਂ ਬਾਅਦ ਅਜਿਹੇ ਹਾਲਾਤ ਪੈਦਾ ਹੋ ਗਏ ਕਿ ਗੁਰੂ ਗੋਬਿੰਦ ਸਿੰਘ ਸਮੇਤ ਸਮੁੱਚਾ ਸਿੱਖ ਜਗਤ ਇਸ ਜ਼ੁਲਮ ਦਾ ਬਦਲਾ ਲੈਣ ਲਈ ਬੜੀ ਬੇਸਬਰੀ ਨਾਲ 'ਪੱਬਾਂ ਭਾਰ ਹੋ ਕੇ' ਵਕਤ ਦਾ ਇੰਤਜ਼ਾਰ ਕਰਨ ਲੱਗਾ।... ਇਤਿਹਾਸ ਦੇ ਇਸ ਨਾਜ਼ੁਕ ਤੇ ਕਾਲੇ ਦੌਰ ਵਿੱਚ ਸਿੱਖਾਂ ਦੀ ਰਹਿਨੁਮਾਈ ਕਰਨ ਲਈ ਗੁਰੂ ਗੋਬਿੰਦ ਸਿੰਘ ਨੇ ਬੜੇ ਨਾਟਕੀ ਢੰਗ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਚੋਣ ਕੀਤੀ।

38 ਸਾਲਾ ਬਾਬਾ ਬੰਦਾ ਸਿੰਘ ਬਹਾਦਰ, ਨਿਰਾ ਤਾਕਤ ਦਾ ਪਹਾੜ, ਨਾਂਦੇੜ (ਦੱਖਣ) ਤੋਂ ਹਨ੍ਹੇਰੀ ਵਾਂਗ ਪੰਜਾਬ ਵੱਲ ਵਧਣ ਲੱਗਾ। ਜਿੱਤਾਂ ਦੇ ਇੱਕ ਲੰਮੇ ਸਿਲਸਿਲੇ ਤੋਂ ਬਾਅਦ ਬੰਦਾ ਬਹਾਦਰ ਨੇ ਆਪਣੇ ਮੁੱਖ ਨਿਸ਼ਾਨੇ ਸਰਹਿੰਦ ਵੱਲ ਵਾਗਾਂ ਮੋੜੀਆਂ। 12 ਮਈ, 1710 ਈ. ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚਪੜਚਿੜੀ ਦੇ ਮੈਦਾਨ ਵਿੱਚ ਇੱਕ ਫ਼ੈਸਲਾਕੁੰਨ ਯੁੱਧ ਹੋਇਆ। ਇਸ ਯੁੱਧ ਵਿੱਚ

ਸੂਬੇਦਾਰ ਵਜ਼ੀਰ ਖ਼ਾਂ ਮਾਰਿਆ ਗਿਆ। ਇਸ ਤਰਾਂ ਸਿੱਖਾਂ ਨੇ ਉਸ ਦਾ 'ਕਰਜ਼ ਵਿਆਜ ਸਮੇਤ ਮੋੜ ਦਿੱਤਾ'। 14 ਮਈ, 1710 ਈ. ਨੂੰ ਸਿੱਖ ਜੇਤੂਆਂ ਦੀ ਸ਼ਾਨ ਨਾਲ ਸਰਹਿੰਦ ਵਿੱਚ ਦਾਖ਼ਲ ਹੋਏ ਅਤੇ 'ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ'। ਬਕੌਲ ਸ਼ਾਇਰ :

***ਜੋਗੀ ਜੀ ਇਸ (ਸਾਕਾ ਸਰਹਿੰਦ) ਕੇ ਬਾਅਦ ਹੁਈ ਥੋੜੀ ਦੇਰ ਥੀ।***
***ਬਸਤੀ ਸਰਹੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ।***

ਇਸ ਤਰਾਂ ਸਰਹਿੰਦ ਦੇ ਜੇਤੂ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲਾਂ ਨੂੰ ਪਹਿਲੀ ਵੇਰ ਸਿੱਖ ਸ਼ਕਤੀ ਦਾ ਅਹਿਸਾਸ ਕਰਵਾਇਆ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਸਰਹਿੰਦ ਦੀ ਜਿੱਤ ਅਤੇ ਸਾਕਾ ਸਰਹਿੰਦ ਦਾ ਆਪਸ ਵਿੱਚ ਸਿੱਧਾ ਸੰਬੰਧ ਹੈ।

ਸਰਹਿੰਦ ਦੀ ਜਿੱਤ ਤੋਂ ਬਾਅਦ ਸਿੱਖਾਂ ਵਿੱਚ ਇੱਕ ਖ਼ਾਸ ਤਰਾਂ ਦੀ ਸੋਚ ਅਤੇ ਜਿਊਣ-ਢੰਗ ਹੋਂਦ ਵਿੱਚ ਆਇਆ ਅਤੇ ਪਾਪੀ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਦੀ ਰਵਾਇਤ ਦਾ ਮੁੱਢ ਬੱਝਿਆ ਸਮਝਿਆ ਜਾਂਦਾ ਹੈ। ਸਰਹਿੰਦ ਦੀ ਜਿੱਤ ਤੋਂ ਬਾਅਦ ਸਿੱਖਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਜਿੱਤ ਦਾ ਸੁਆਦ ਚੱਖਣ ਉਪਰੰਤ ਹੁਣ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਪੈਦਾ ਹੋ ਚੁੱਕਾ ਸੀ ਕਿ ਉਹ ਮੁਗ਼ਲਾਂ ਨੂੰ ਢਾਹ ਸਕਦੇ ਹਨ। ਵੱਡੇ-ਵੱਡੇ ਸ਼ਹੀਦੀ ਸਾਕਿਆਂ ਤੇ ਘੱਲੂਘਾਰਿਆਂ ਵਿੱਚੋਂ ਦੀ ਗੁਜ਼ਰਦੇ ਹੋਏ, ਸਿੱਖਾਂ ਨੇ ਸਿੱਖ ਰਾਜ ਦੀ ਪ੍ਰਾਪਤੀ ਲਈ ਆਪਣਾ ਸਫ਼ਰ ਨਿਰੰਤਰ ਜਾਰੀ ਰੱਖਿਆ। ਅੰਤ, ਸਿੱਖਾਂ ਦੀ ਚੜ੍ਹਤ ਹੋਣ ਲੱਗੀ। ਇਸੇ ਚੜ੍ਹਤ ਦੌਰਾਨ ਸਿੱਖਾਂ ਨੇ 1765 ਤੋਂ 1787 ਤੱਕ ਦਿੱਲੀ 'ਤੇ ਵਾਰ-ਵਾਰ ਹਮਲੇ ਕੀਤੇ। ਡਾ. ਹਰੀ ਰਾਮ ਗੁਪਤਾ ਲਿਖਦਾ ਹੈ ਕਿ "1765 ਈ. ਤੋਂ 1787 ਈ. ਤੱਕ ਦਲ ਖ਼ਾਲਸਾ ਨੇ ਦਿੱਲੀ ਉੱਤੇ ਪੰਦਰਾਂ ਹਮਲੇ ਕੀਤੇ।" (ਸੰਨ 1748 ਈ. ਵਿੱਚ ਸਿੱਖਾਂ ਦੀ ਸਮੁੱਚੀ ਸੈਨਾ ਦਾ ਸੰਗਠਨ ਹੋ ਗਿਆ ਸੀ, ਜਿਸ ਨੂੰ 'ਦਲ ਖ਼ਾਲਸਾ' ਕਿਹਾ ਜਾਂਦਾ ਸੀ।) 1783 ਈ. ਵਿੱਚ ਤਾਂ ਸਿੱਖ ਲਾਲ ਕਿਲ੍ਹੇ ਵਿੱਚ ਦਾਖ਼ਲ ਹੋ ਗਏ ਸਨ ਅਤੇ ਦੀਵਾਨੇ-ਆਮ ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਸੀ। ਸਪੱਸ਼ਟ ਹੈ ਕਿ ਸਰਹਿੰਦ ਦੀ ਖ਼ੂਨੀ ਦੀਵਾਰ ਨੇ ਸਿੱਖਾਂ ਨੂੰ ਆਪ ਮੂਹਰੇ ਹੋ ਕੇ ਰਾਹ ਵਿਖਾਇਆ। ਗੱਲ ਨੂੰ ਹੋਰ ਸਪੱਸ਼ਟ ਕਰਦਿਆਂ, ਸਿੱਖਾਂ ਦੀਆਂ ਮੁਗ਼ਲਾਂ ਵਿਰੁੱਧ ਪਹਿਲੀਆਂ ਜਿੱਤਾਂ, ਸਾਕਾ ਸਰਹਿੰਦ ਦੇ ਪ੍ਰਤਿ ਕਰਮ ਵਜੋਂ ਹੀ ਸੰਭਵ ਹੋਈਆਂ। ਇਸ ਤਰਾਂ ਸਿੱਖਾਂ ਨੇ ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਮੁਗ਼ਲਾਂ 'ਤੇ ਫ਼ਤਹਿ ਹਾਸਲ ਕਰਕੇ ਗ਼ਜ਼ਨਵੀ, ਤੈਮੂਰ ਤੇ ਬਾਬਰ ਦੇ ਖ਼ਾਨਦਾਨਾਂ ਵਿੱਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿੱਚ ਮਿਲਾ ਕੇ ਰੱਖ ਦਿੱਤਾ। ਗੱਲ ਕੀ, ਸਾਕਾ ਸਰਹਿੰਦ ਨੇ ਇਤਿਹਾਸ ਨੂੰ ਨਵੀਆਂ ਲੀਹਾਂ 'ਤੇ ਤੁਰਨ ਲਈ ਮਜਬੂਰ ਕੀਤਾ। ਇਸ ਤਰਾਂ ਇਕ 'ਬਚੂੰਗੜੀ' ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ 'ਤੇ

ਪਹਿਲੀ ਵੇਰ ਇੱਕ ਰਾਜਸੀ ਤਾਕਤ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ (ਸਰਹਿੰਦ ਦੀ ਜਿੱਤ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਢੌਰਾ ਅਤੇ ਨਾਹਨ ਵਿਚਕਾਰ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਸਿੱਕਾ ਜਾਰੀ ਕੀਤਾ')। ਫਿਰ ਇਕ ਸਮਾਂ ਆਇਆ ਜਦੋਂ ਬੰਦਾ ਬਹਾਦਰ ਵੱਲੋਂ ਹਥਿਆਈ ਇਸ ਛੋਟੀ ਜਿਹੀ ਤਾਕਤ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਇੱਕ ਵਿਸ਼ਾਲ ਸਲਤਨਤ ਦਾ ਰੂਪ ਧਾਰਨ ਕਰ ਲਿਆ। ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਸਰਹਿੰਦ ਦੀ ਖ਼ੂਨੀ ਦੀਵਾਰ ਸਿੱਖ ਰਾਜ ਦਾ ਨੀਂਹ-ਪੱਥਰ ਸਾਬਤ ਹੋਈ।

# ਗੁਰੂ ਨਾਨਕ ਦੇਵ ਮਿਸ਼ਨ ਵਲੋਂ ਛਾਪੇ ਗਏ ਕੁੱਝ ਟ੍ਰੈਕਟ

| ਲੜੀ ਨੰ: | ਟ੍ਰੈਕਟ ਦਾ ਨਾਮ | ਕੀਮਤ |
|---|---|---|
| 462 | ਗੁਰਮਤਿ ਵਿੱਚ ਤਖ਼ਤਾਂ ਦੀ ਮਹਾਨਤਾ | 6.00 |
| 465 | ਗੁਰਬਾਣੀ ਪਾਠ ਕਿਵੇਂ ਕਰੀਏ ? | 4.00 |
| 466 | Why Am I a Sikh | 2.00 |
| 467 | ਬਾਣੀ ਭਗਤ ਨਾਮਦੇਵ ਜੀ | 8.00 |
| 468 | ਸੁਖਮਨੀ ਸਾਹਿਬ ਦਾ ਆਦਰਸ਼-ਮਨੁੱਖ, ਬ੍ਰਹਮ ਗਿਆਨੀ | 5.00 |
| 469 | ਪੰਜਾਬੀ ਸਭਿਆਚਾਰ ਦਾ ਵਿਸ਼ਵ ਦ੍ਰਿਸ਼ਟੀਕੋਣ | 8.00 |
| 470 | ਭਗਤ ਕਬੀਰ ਜੀ | 6.00 |
| 478 | ਸਿੱਖ ਸਭਿਆਚਾਰ | 9.00 |
| 479 | 1699 ਦੀ ਵਿਸਾਖੀ | 10.00 |
| 480 | The Vision of Gursikh (The Disciple of the Guru) in Gurbani | 8.00 |
| 481 | ਭਾਈ ਮੱਖਣ ਸ਼ਾਹ ਲੁਬਾਣਾ | 6.00 |
| 483 | ਸ਼ਹੀਦੀ ਦਾ ਸੰਕਲਪ ਤੇ ਸਿੱਖ ਜੀਵਨ ਜਾਚ | 4.00 |
| 484 | Permanent Peace | |
| 485, 486 | ਸਿਖੀ ਸਿਖਿਆ ਗੁਰਵਿਚਾਰ | 10.00 |
| 487 | ਜਥੇਦਾਰ ਅਤਰ ਸਿੰਘ | 6.00 |
| 488 | ਦਸਮ ਗ੍ਰੰਥ-ਸੰਖੇਪ ਨਿਰੀਖਣ | 6.00 |
| 489 | ਸਿੱਖ ਨਾਮ ਕੋਸ਼ | 6.00 |
| 497 | ਗੁਰਮਤਿ-ਸੰਪੂਰਨ ਜੀਵਨ ਦਾ ਮਾਰਗ | 6.00 |
| 498 | ਨਾਮ ਅੰਮ੍ਰਿਤ-ਖੰਡੇ ਦਾ ਅੰਮ੍ਰਿਤ | 6.00 |
| 499 | ਗੁਰਮਤਿ-ਸੰਪੂਰਨ ਜੀਵਨ ਦਾ ਮਾਰਗ | 8.00 |
| 500 | ਸਿੱਖ-ਵਿਦਿਅਕ ਸੰਸਥਾਵਾਂ ਤੇ ਸਿੱਖ ਇਤਿਹਾਸ | 6.00 |
| 501 | 'ਚੜ੍ਹਦੀਕਲਾ' ਦਾ ਸੰਖੇਪ ਇਤਿਹਾਸ | 10.00 |
| 502 | '੧ਓ' ਦਾ ਸਿਧਾਂਤ ਤੇ ਭੂਗੋਲ | 10.00 |
| 503, 504 | ਪ੍ਰਾਪਤ ਪੁਰਾਣੇ ਰਹਿਤਨਾਮੇ-ਮੁਲਾਂਕਣ | 12.00 |
| 505, 506 | ਪ੍ਰਾਪਤ ਪੁਰਾਣੇ ਰਹਿਤਨਾਮੇ-ਮੁਲਾਂਕਣ | 12.00 |
| 507, 508 | ਅਜੋਕੇ ਯੁੱਗ ਵਿੱਚ ਖਾਲਸੇ ਦੀ ਪ੍ਰਾਸੰਗਿਕਤਾ | 12.00 |
| 509 | Creation of the Khalsa | 15.00 |
| 511 | ਦਸਵੰਧ ਪ੍ਰੰਪਰਾ | 12.00 |
| 512 | ਅਨੁਭਉ ਪ੍ਰਕਾਸ਼ | 12.00 |
| 513 | Maharaja Ranjit Singh his Image and In Balance at Home and Abroad | 12.00 |
| 514 | ਜਪਹੁਤਾ ਏਕੋ ਨਾਮਾ | 15.00 |
| 515, 516 | ਬਾਬਾ ਫਰੀਦ ਜੀ (ਡਾ. ਇੰਦਰਜੀਤ ਸਿੰਘ ਵਾਸੂ) | 15.00 |
| 517, 518 | ਬਾਬਾ ਫਰੀਦ ਜੀ (ਸ. ਗੁਰਬਖਸ਼ ਸਿੰਘ ਪਿਆਸਾ) | 15.00 |
| 519 | 21ਵੀਂ ਸਦੀ ਵਿੱਚ ਸਿੱਖ | 12.00 |
| 520-21-22 | ਪਾਕਿਸਤਾਨ ਵਿੱਚ ਗੁਰਦਵਾਰਿਆਂ ਦੀ ਯਾਤਰਾ | 25.00 |
| 523 | ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਾਜਨੀਤਿਕ ਵਿਚਾਰ | 12.00 |
| 524 | ਭਗਤ ਤ੍ਰਿਲਚਨ ਜੀ | 12.00 |
| 525 | ਸਿੱਖਾਂ ਵਿਚ ਮੀਰੀ-ਪੀਰੀ ਦੀ ਧਾਰਨਾ | 12.00 |

# ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਦੇ ਪ੍ਰਬੰਧ ਅਧੀਨ ਚਲ ਰਹੇ ਟਰੱਸਟਾਂ ਦਾ ਕਾਰਜ-ਖੇਤਰ

1. **ਅਕਾਲੀ ਫੂਲਾ ਸਿੰਘ ਯਾਦਗਾਰੀ ਟਰੱਸਟ**

ਹਰ ਸਾਲ ਸਿੱਖ ਗੁਰੂ ਸਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਨੈਤਿਕਤਾ, ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਬਾਰੇ ਪਿਛਲੇ ਸਾਲ ਵਿਚ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਵਿਚੋਂ ਸਰਬੋਤਮ ਪੁਸਤਕ ਦੇ ਲੇਖਕ ਨੂੰ 6100/-ਰੁਪਏ ਦਾ ਇਨਾਮ ਦਿੱਤਾ ਜਾਂਦਾ ਹੈ।

2. **ਡਾ. ਗੰਡਾ ਸਿੰਘ ਯਾਦਗਾਰੀ ਟਰੱਸਟ**

ਵਾਰਸ਼ਕ ਖੋਜ-ਪੱਤਰ ਪ੍ਰਤਿਯੋਗਤਾ ਵਿਚ ਪਹਿਲੇ, ਦੂਜੇ ਤੇ ਤੀਜੇ ਸਥਾਨ ਉਪਰ ਆਉਣ ਵਾਲੇ ਖੋਜ-ਪੱਤਰਾਂ ਨੂੰ ਕ੍ਰਮਵਾਰ 2100/-, 1500/- ਤੇ 1000/- ਰੁਪਏ ਦਾ ਇਨਾਮ ਤੇ ਹੋਰ ਕਈ ਉਤਸ਼ਾਹ ਵਧਾਊ ਇਨਾਮ ਦਿੱਤੇ ਜਾਂਦੇ ਹਨ।

3. **ਮਦਰ ਆਫ਼ ਖਾਲਸਾ ਯਾਦਗਾਰੀ ਟਰੱਸਟ**

ਹਰ ਸਾਲ ਕਾਲਜ ਦੇ ਵਿਦਿਆਰਥੀਆਂ ਲਈ ਭਾਰਤ ਪੱਧਰ ਤੇ ਗੁਰਮਤਿ ਦਾ ਇਮਤਿਹਾਨ ਲੈ ਕੇ ਹਰ ਜ਼ੋਨ ਵਿਚੋਂ ਪ੍ਰਥਮ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਹ ਇਮਤਿਹਾਨ ਜੇ ਕੋਈ ਹੋਰ ਸੰਸਥਾ ਆਯੋਜਿਤ ਕਰਦੀ ਹੈ ਤਾਂ ਇਹ ਟਰੱਸਟ ਉਨ੍ਹਾਂ ਦੀ ਮਾਲੀ ਸਹਾਇਤਾ ਕਰਦਾ ਹੈ।

4. **ਗਿਆਨੀ ਕਰਤਾਰ ਸਿੰਘ ਯਾਦਗਾਰੀ ਟਰੱਸਟ ਅਤੇ ਗਿਆਨੀ ਦਿੱਤ ਸਿੰਘ ਯਾਦਗਾਰੀ ਟਰੱਸਟ**

ਇਨਾਂ ਵਲੋਂ ਵਿਭਿੰਨ ਸਥਾਨਾਂ ਉਪਰ ਕ੍ਰਮਵਾਰ ਵਕਤਾ ਤੇ ਲੇਖਕ ਕਾਰਜਸ਼ਾਲਾ ਲਗਾ ਕੇ ਨੌਜੁਆਨਾਂ ਨੂੰ ਸਿਖਲਾਈ ਦਿਤੀ ਜਾਂਦੀ ਹੈ। ਇਨਾਂ ਦਾ ਆਯੋਜਨ ਵੀ ਜਿਸ ਕਿਸੇ ਸੰਸਥਾ ਵਲੋਂ ਕੀਤਾ ਜਾਂਦਾ ਹੋਵੇ, ਟਰੱਸਟ ਉਨ੍ਹਾਂ ਨੂੰ ਮਾਲੀ ਸਹਾਇਤਾ ਦਿੰਦਾ ਹੈ।

5. **ਭਗਤ ਲਛਮਣ ਸਿੰਘ ਯਾਦਗਾਰੀ ਟਰੱਸਟ**

ਇਸ ਟਰੱਸਟ ਦੇ ਮਾਲੀ ਸਹਿਯੋਗ ਨਾਲ ਕੋਈ ਗੁਰਮਤਿ ਪ੍ਰਚਾਰ ਸੰਸਥਾ ਦੁਆਰਾ ਵੱਖ ਵੱਖ ਕਾਲਜਾਂ ਤੇ ਸਕੂਲਾਂ ਵਿਚ ਵਿਦਵਾਨਾਂ ਵਲੋਂ ਗੁਰਮਤਿ ਅਥਵਾ ਗੁਰ-ਇਤਿਹਾਸ ਦੇ ਵਿਸ਼ਿਆਂ ਉਤੇ ਭਾਸ਼ਣ ਕਰਵਾਏ ਜਾਂਦੇ ਹਨ।

6. **ਸ. ਨਰੈਣ ਸਿੰਘ ਯਾਦਗਾਰੀ ਟਰੱਸਟ**

ਸਕੂਲ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਅਤੇ ਗੁਰਮਤਿ ਕਾਲਜ ਦੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।